# ਅੰਮ੍ਰਿਤ ਅਹਿਸਾਸ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਿਟਿਡ
ਲੁਧਿਆਣਾ

ਪਹਿਲੀ ਵਾਰ : 2009

*ਪ੍ਰਕਾਸ਼ਕ :*
**ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ**
ਲੁਧਿਆਣਾ
ਫ਼ੋਨ : 0183-24550520

*ਟਾਈਪ ਸੈਟਿੰਗ :*
**ਜੋਤ ਕ੍ਰੀਏਸ਼ਨਜ਼**

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

*ਦੱਬੇ ਕੁਚਲੇ ਲੋਕਾਂ*

*ਅਤੇ*

*ਸੰਘਰਸ਼ ਦੀ ਰਾਹ ਤੁਰਦੇ*

*ਸਾਥੀਆਂ ਨੂੰ*

*ਸਮਰਪਿਤ*

*ਇਸੇ ਕਲਮ ਤੋਂ:*

ਅੰਮ੍ਰਿਤ ਕਿਣਕੇ (ਕਾਵਿ-ਸੰਗ੍ਰਹਿ) 2007

# ਤਤਕਰਾ


ਦੋ ਸ਼ਬਦ 7
* ਵਿਸਕੀ ਦਾ ਨਾਮ 11
* ਨਰਕਾਂ ਦੇ ਕੀੜੇ 13
* ਮੇਰਾ ਦੇਸ਼ ਮਹਾਨ 16
* ਦੋਸਤੀ 18
* ਬੰਦੇ ਨੂੰ 19
* ਟੁੱਟੇ ਦਿਲ 21
* ਪ੍ਰੀਤ ਨਗਰ ਦੇ ਵਾਰਸੋ 22
* ਧਰਤੀ ਤੇ ਔਰਤ 23
* ਮੇਰੇ ਜੀਵਨ ਸਾਥੀ 24
* ਬੱਚੇ ਤੇ ਫੁੱਲ 25
* ਘਰ ਬੇਘਰ 26
* ਗ਼ੁਲਾਮੀ 27
* ਦੁੱਖ ਸੁੱਖ 28
* ਕੈਦੀ 29
* ਜੀਵਨ 30
* ਅ-ਆਦਮੀ, ਅ-ਔਰਤ 31
* ਯੋਗਾ 32
* ਸੰਭਾਲ 34
* ਲਾਹਨਤ 35
* ਕੁਦਰਤ ਕਵੀ 37
* ਬੱਚਾ / ਪੌਦਾ 38
* ਸੁਨਹਿਰੇ ਸੁਪਨੇ 39
* ਗੰਦਗੀ 40
* ਸੁਪਨਿਆਂ ਦਾ ਸੱਚ 41
* ਚੂਹੀ/ਸਾਮਰਾਜ 42
* ਕਰਮ-ਭੂਮੀ (ਧਰਤੀ) 45
* ਭਗਵਾਨ ਦੀ ਸਿਰਜਣਾ 47
* ਕੀ ਰੱਬ ਵਿਕਾਊ ਹੈ ? 48
* ਬੁਕੇ (ਗੁਲਦਸਤਾ) 49
* ਫ਼ੌਜੀ ਤੇ ਕਵੀ 50
* ਸੜਕ ਤੇ ਸਭਿਆਚਾਰ 51
* ਅੰਮ੍ਰਿਤਸਰ ਸ਼ਹਿਰ ਤੇ ਵਿਰਾਸਤ 53
* ਖ਼ੁਸ਼ਨਸੀਬ 55
* ਮੈਂ ਔਰਤ ਹਾਂ ਇਨਸਾਨ 56
* ਰਾਖਵਾਂਕਰਣ 58
* ਬੀਜ 60
* ਜੀਵਨ ਸਫ਼ਰ 62
* ਚਿਹਰੇ 63
* ਨੰਗੇ ਸ਼ਬਦ 64
* ਅੱਥਰੂ 66
* ਪਿੰਡ ਦੀ ਜੂਹ 67
* ਬਾਪੂ ਦੀ ਸਮਾਧ (ਮਹਾਤਮਾ ਗਾਂਧੀ) 69
* ਸਵਰਗ ਦਾ ਅਹਿਸਾਸ 71
* ਜੀਵਨ 72
* ਨਿਯਮ 73
* ਮਾਲਾ 74
* ਪੈੜਾਂ 76
* ਹੁਸਨ 78
* ਇੱਛਾ 81
* ਹੁਸਨ ਦਾ ਜਲਵਾ 82
* ਇੰਤਜ਼ਾਰ 84
* ਆਮ ਸ਼ਹਿਰੀ 85
* ਧਰਤੀ ਦੀ ਪੁਕਾਰ 87
* ਸਮੇਂ ਨੂੰ 88
* ਅਜੋਕੇ ਮਸੀਹਾ 89
* ਪੰਜਾਬ ਬਚਾ ਲਓ 90
* ਸਮੇਂ ਦੇ ਸੱਚ 91
* ਜਾਗੋ ਦੇਸ਼ ਵਾਸੀਓ 92
* ਪ੍ਰਣ 94
* ਭੇਤ 96
* ਇਕ ਲਾਸ਼ 97
* ਅੱਖਰਾਂ ਦੀ ਮਹਿਮਾ 101
* ਮੇਰੀ ਪਿਆਰੀ 102
* ਅਭਾਗੇ 105
* ਬੱਚੇ ਤੇ ਧਰਮ 106
* ਅਹਿਸਾਸ 108
* ਬੱਚੇ 110
* ਅਰਜੋਈ 111

# ਦੋ ਸ਼ਬਦ

**ਅੰਮ੍ਰਿਤ ਅਹਿਸਾਸ** ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ ਦਾ ਦੂਸਰਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਨਾਮ ਦੇ ਕਾਵਿ-ਸੰਗ੍ਰਹਿ ਨਾਲ ਆਪਣੀ ਹਾਜ਼ਰੀ ਲਵਾ ਚੁੱਕੇ ਹਨ। ਅੰਮ੍ਰਿਤ ਲਾਲ ਮੰਨਣ ਅਜੋਕੇ ਖਪਤ ਭਰੇ ਸੰਸਾਰ ਵਿਚ ਇਕਾਗਰ ਮਨ ਵਾਲੇ ਸੁਹਿਰਦ ਇਨਸਾਨ ਹਨ। ਇਸੇ ਕਰਕੇ ਉਹ ਨਾ ਕੇਵਲ ਆਪਣੇ ਘਰ ਅਤੇ ਸਮਾਜ ਨੂੰ ਸੁਖਾਵਾਂ ਵੇਖਣਾ ਚਾਹੁੰਦੇ ਹਨ ਬਲਕਿ ਆਲੇ-ਦੁਆਲੇ ਦੇ ਸਮਾਜ ਅਤੇ ਮਨੁੱਖ ਦੀ ਬੇਹਤਰੀ ਲਈ ਉਹਨਾਂ ਦੀ ਮਾਨਸਿਕਤਾ ਬੇਚੈਨੀ ਦੀ ਅਵਸਥਾ ਵਿਚ ਹੈ। ਕਵੀ ਦੀ ਰੂਹ ਬੇਚੈਨ ਹੁੰਦੀ ਹੈ। ਮਰਾਠੀ ਦੇ ਪ੍ਰਸਿੱਧ ਨਾਟਕਕਾਰ ਵਿਜੈ ਤੇਂਦੂਲਕਰ ਨੇ ਕਿਹਾ ਸੀ ਕਿ 'ਮੈਂ ਆਪਣੀ ਸਾਰੀ ਜ਼ਿੰਦਗੀ ਬੇਚੈਨੀ ਦੇ ਰਸਤੇ 'ਤੇ ਤੁਰ ਕੇ ਬਸਰ ਕੀਤੀ ਹੈ।' ਅੰਗਰੇਜ਼ੀ ਦੇ ਸਾਹਿਤਕਾਰ ਇਸੇ ਲਈ ਕਵੀ ਦੀ ਰੂਹ ਨੂੰ ਕਹਿੰਦੇ ਹਨ। ਇਹ ਬੇਚੈਨੀ ਅੰਮ੍ਰਿਤ ਲਾਲ ਮੰਨਣ ਲਈ ਵੀ ਅਨਮੋਲ ਸਰਮਾਇਆ ਹੈ।

ਕਵਿਤਾ ਦੀ ਸਿਰਜਨਾ ਪਾਕ-ਪਵਿੱਤਰ ਮਨੁੱਖੀ ਆਤਮਾ ਵਿਚੋਂ ਹੁੰਦੀ ਹੈ।

ਇਸ ਸਮਾਜ ਵਿਚ ਮਨੁੱਖ ਨੇ ਪ੍ਰਕ੍ਰਿਤੀ ਤੋਂ ਸਮਾਜ ਵੱਲ ਜਾਂਦਿਆਂ ਜੋ ਆਪਣੇ ਉਪਰ ਲੱਗ-ਲਬੇੜ ਲਗਾਏ ਹਨ, ਕਵੀ ਦੀ ਰੂਹ ਉਸ ਤੋਂ ਮੁਕਤ ਹੁੰਦੀ ਹੈ। ਦੇਸ਼, ਕੌਮ, ਰੰਗ, ਨਸਲ, ਧਰਮ, ਜਾਤ ਆਦਿ ਤੋਂ ਅਲਹਿਦਾ ਹੋ ਕੇ ਕਵੀ ਦੀ ਰਚਨਾਤਮਕ ਸਾਧਨਾ ਵਿਗਸਦੀ ਹੈ। ਸ਼ਹਿਰ ਦੇ ਆਲੇ-ਦੁਆਲੇ ਦੀਆਂ ਗ਼ਰੀਬ ਬਸਤੀਆਂ ਵਿਚ ਗੁਰਬਤ ਦਾ ਮਾਹੌਲ ਵੇਖ ਕੇ ਅੰਮ੍ਰਿਤ ਲਾਲ ਦਾ ਕਾਵਿ-ਹਿਰਦਾ ਪਿਘਲ ਜਾਂਦਾ ਹੈ ਤੇ ਉਹ ਬਾਵਾ ਬਲਵੰਤ ਵਾਂਗ ਸੁਨਹਿਰੇ ਸੁਪਨੇ ਲੈਂਦਾ ਹੋਇਆ ਉੱਜਲੀ ਸਵੇਰ ਦੀ ਬੜੀ ਤੀਬਰਤਾ ਨਾਲ ਉਡੀਕ ਕਰਦਾ ਹੈ:

*ਕਦ ਹੋਵੇਗਾ ਜ਼ੁਲਮਾਂ ਜ਼ਾਲਮਾਂ ਦਾ ਅੰਤ*
*ਕਦ ਹੋਵੇਗਾ ਭੁੱਖ ਦੁੱਖ ਦਾ ਅੰਤ*
*ਕਦ ਹੋਵੇਗਾ ਹੱਕ ਸੱਚ ਦਾ ਬੋਲ-ਬਾਲਾ*
*ਕਦ ਹੋਵੇਗਾ ਕਿਰਤੀ ਕਿਸਾਨ ਜਿਊਣ ਜੋਗਾ*
*ਕਦ ਹੋਵੇਗਾ ਖ਼ਤਮ ਇੰਤਜ਼ਾਰ*
*ਕਦ ਹੋਵੇਗਾ ਖ਼ਤਮ ਇੰਤਜ਼ਾਰ*

ਅੱਜ ਦੀ ਤੇਜ਼-ਤਰਾਰ ਤੇ ਰਫ਼ਤਾਰ ਭਰੀ ਜ਼ਿੰਦਗੀ ਵਿਚ ਇਨਸਾਨ ਇਕ ਮੰਡੀ ਦੀ ਵਸਤ ਬਣ ਗਿਆ ਹੈ। ਖਪਤ ਸਭਿਆਚਾਰ ਪੈਦਾ ਹੋਣ ਨਾਲ ਮਨੁੱਖ ਦੇ ਮਾਨਵੀ ਅਤੇ ਸਦਾਚਾਰਕ ਮੁੱਲਾਂ ਨੂੰ ਵੱਡੀ ਢਾਹ ਲੱਗੀ ਹੈ। ਮਨੁੱਖ ਦੇ ਪੈਰਾਂ ਹੇਠੋਂ ਨੈਤਿਕਤਾ ਦੇ ਧਰਾਤਲ ਤਿਲਕ ਰਹੇ ਹਨ। ਮਨੁੱਖ ਖਲਾਅ ਵਿਚ ਲਟਕਦਾ ਪ੍ਰਤੀਤ ਹੁੰਦਾ ਹੈ। ਇਸ ਖਲਾਅ ਵਿਚ ਲਟਕਣ ਕਰਕੇ ਉਹ ਸਵੈ ਅਤੇ ਖ਼ੁਦਗ਼ਰਜ਼ੀ ਵਾਲੇ ਰਸਤੇ 'ਤੇ ਤੁਰ ਪਿਆ ਹੈ। ਮਨੁੱਖ ਨੇ ਸਹਿਜ ਅਤੇ ਸਬਰ ਵਾਲੀ ਜੀਵਨ-ਸ਼ੈਲੀ ਨੂੰ ਤਿਆਗ ਦਿੱਤਾ ਹੈ, ਜਿਸ ਨਾਲ ਮਨੁੱਖ ਦੀਆਂ ਇੱਛਾਵਾਂ ਏਨੀਆਂ ਵੱਧ ਗਈਆਂ ਹਨ ਕਿ ਉਹ ਖ਼ੁਦ ਆਪਣੀਆਂ ਇੱਛਾਵਾਂ ਦਾ ਸ਼ਿਕਾਰ ਹੋ ਗਿਆ। ਮਾਨਵਤਾ ਦੇ ਇਸ ਤਬਾਹੀ ਵਾਲੇ ਮਾਹੌਲ ਵਿਚ ਭਾਵੇਂ ਜੀਵਨ ਪ੍ਰਕਾਸ਼ ਦਾ ਘੇਰਾ ਸੀਮਿਤ ਹੁੰਦਾ ਜਾ ਰਿਹਾ ਹੈ ਪਰ ਕਵੀ ਨੂੰ ਫਿਰ ਵੀ ਨਵੀਂ ਪੀੜ੍ਹੀ ਤੋਂ ਆਸ ਬੱਝ ਰਹੀ ਹੈ ਕਿ ਇਹ ਸ਼ਾਇਦ ਭਵਿੱਖ ਨੂੰ ਮੁੜ ਸਹਿਜਤਾ ਦੇ ਰਸਤੇ 'ਤੇ ਤੋਰਨ ਵਿਚ ਸਹਾਇਕ ਹੋਵੇਗੀ। ਆਸ਼ਾਵਾਦੀ ਦ੍ਰਿਸ਼ਟੀ ਅਨੁਸਾਰ ਉਸ ਦਾ ਵਿਚਾਰ ਹੈ:

*ਇਹਨਾਂ ਦੇ ਦਿਲ ਵਿਚ ਲੱਖ ਉਮੰਗਾਂ*
*ਸ਼ਰਮ, ਝਿਜਕ ਸਹਿਮ ਤੇ ਸੰਗਾਂ*
*ਨੰਨ੍ਹੇ ਬੱਚੇ ਭਵਿੱਖ ਦੇ ਵਾਰਸ*
*ਬੱਚੇ ਮਨ ਨੂੰ ਦੇਵਣ ਢਾਰਸ*

ਕਵੀ ਦੇ ਇਸ ਹੌਸਲੇ ਨਾਲ ਡਿੱਗੇ-ਢੱਠੇ ਆਮ ਸਾਧਾਰਨ ਮਨ ਨੂੰ ਵੀ ਢਾਰਸ ਮਿਲਦੀ ਹੈ ਅਤੇ ਆਸ ਬੱਝਦੀ ਹੈ ਕਿ ਆਲੇ-ਦੁਆਲੇ ਦੇ ਅਸੁਹਿਰਦਤਾ ਭਰੇ ਮਾਹੌਲ ਵਿਚੋਂ ਵੀ ਮਨੁੱਖ ਮੁੜ ਆਪਣੀਆਂ ਇਨਸਾਨੀ ਕਦਰਾਂ ਕੀਮਤਾਂ ਨਾਲ ਜੁੜ ਕੇ ਮਾਨਵੀ ਜੀਵਨ ਦੀ ਮਹਾਨ ਸ਼ੈਲੀ ਨੂੰ ਅਪਨਾਉਣ ਦੇ ਯੋਗ ਹੋ ਸਕੇਗਾ।

ਕੁਦਰਤ ਵੀ ਇਕ ਅਜਿਹੀ ਸ਼ਕਤੀ ਹੈ ਜੋ ਮਨੁੱਖੀ ਰਹਿਤਲ 'ਤੇ ਸਵੈ-ਸੰਤੁਲਨ ਬਣਾਉਣ ਵਿਚ ਆਪਣਾ ਯੋਗਦਾਨ ਪਾਉਂਦੀ ਰਹਿੰਦੀ ਹੈ। ਕਵੀ ਨੇ ਕੁਦਰਤ ਵੱਲ ਪਿੱਠ ਨਹੀਂ ਕੀਤੀ, ਸਗੋਂ ਉਸ ਦੀ ਰਹਿਮਤ 'ਤੇ ਟੇਕ ਰੱਖੀ ਹੋਈ ਹੈ:

*ਮੈਂ ਪ੍ਰੇਸ਼ਾਨ ਹਾਂ*
*ਸ਼ੈਤਾਨਾਂ ਦੀ ਚੌਧਰ ਵੱਧ ਗਈ ਏ*
*ਧਰਤੀ ਦਾ ਸੰਤੁਲਨ ਵਿਗੜ ਗਿਆ ਏ*
*ਸੰਭਲਣਾ ਹੈ ਤਾਂ ਦੁਲਾਰਿਓ ਸੰਭਲ ਜਾਵੋ*
*ਨਹੀਂ ਤਾਂ ਫਿਰ ਤਿਆਰ ਹੋ ਜਾਵੋ*
*ਤੁਸੀਂ ਪਰਲੋ ਵੱਲ ਵਧਦੇ ਜਾ ਰਹੇ*

ਇਹ ਕੁਦਰਤ ਹੀ ਆਪਾ-ਧਾਪੀ ਅਤੇ ਨਿੱਜੀ ਲਾਲਸਾਵਾਂ ਵਿਚ ਫਸੀ ਹੋਈ ਰਾਜਸੀ ਧਿਰ ਨੂੰ ਨਿਕਲਣ ਲਈ ਪ੍ਰੇਰਤ ਕਰੇਗੀ। ਇਹ ਆਸ ਕੀਤੀ ਜਾ ਸਕਦੀ ਹੈ ਕਿ ਭਵਿੱਖ ਵਿਚ ਕੁਦਰਤ ਦੀ ਪ੍ਰੇਰਨਾ ਤੇ ਕਵੀ ਦੀ ਇੱਛਾ ਆਪਣੇ ਸੁਨਹਿਰੀ ਸੁਪਨਿਆਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਸਕਣਗੇ, ਇਹ ਸਾਡੀ ਸਾਰਿਆਂ ਦੀ ਕੁਦਰਤ ’ਤੇ ਨਿਹਚਾ ਅਤੇ ਭਵਿੱਖ ਮੁਖੀ ਆਸ ਹੈ।

ਇੱਕੀਵੀਂ ਸਦੀ ਵਿਚ ਪਹੁੰਚ ਕੇ ਪੰਜਾਬੀ ਬੰਦਾ ਭਾਵੇਂ ਵਿਸ਼ਵੀਕਰਨ ਦਾ ਇਕ ਅੰਗ ਬਣ ਗਿਆ ਹੈ ਤੇ ਆਪਣੀ ਸੋਚ ਨੂੰ ਅਗਾਂਹ-ਵਧੂ ਜਾਂ ਅਗਰਗਾਮੀ ਸੋਚ ਦਾ ਆਦਮੀ ਮੰਨਦਾ ਹੈ ਪਰ ਹਕੀਕਤ ਵਿਚ ਅਜੇ ਵੀ ਇਹ ਸਦੀਆਂ ਪੁਰਾਣੀਆਂ ਘਸੀਆਂ-ਪਿਟੀਆਂ ਥੋਥਾ ਹੋ ਚੱਕੀਆਂ ਰੀਤਾਂ-ਰਸਮਾਂ ਦੇ ਮੱਕੜ-ਜਾਲ ਵਿਚ ਘਿਰਿਆ ਹੋਇਆ ਹੈ। ਇਸੇ ਕਰਕੇ ਉਹ ਔਰਤ-ਮਰਦ ਦੇ ਦੁਨਿਆਵੀ ਰਿਸ਼ਤੇ ਨੂੰ ਰੂਹਾਨੀਅਤ ਪ੍ਰਦਾਨ ਨਹੀਂ ਕਰ ਸਕਿਆ। ਸਾਰੀ ਦੀ ਸਾਰੀ ਨਾਰੀਵਾਦੀ ਲਹਿਰ ਇਸ ਵਿਚਾਰਧਾਰਾ ’ਤੇ ਜ਼ੋਰ ਦਿੰਦੀ ਹੈ ਕਿ ਮਰਦ ਅਤੇ ਔਰਤ ਨੂੰ ਮਾਨਵੀ ਹੋਂਦ ਵਜੋਂ ਸਵੀਕਾਰ ਕੀਤਾ ਜਾਵੇ ਪਰ ਭਾਰਤੀ ਬੰਦਾ ਆਪਣੀਆਂ ਪਰੰਪਰਕ ਰੀਤਾਂ ਦੇ ਕਸੁੰਭੜੇ ਤੋਂ ਖਹਿੜਾ ਛੁਡਾਉਣ ਦੇ ਯੋਗ ਨਹੀਂ ਹੋ ਸਕਿਆ, ਜਿਸ ਕਰਕੇ ਉਹ ਆਧੁਨਿਕ ਸਮਿਆਂ ਵਿਚ ਵੀ ‘ਨੰਨ੍ਹੀ ਛਾਂ’ ਦਾ ਕਤਲ ਕਰੀ ਜਾ ਰਿਹਾ ਹੈ। ਇਹ ਸੋਚ ਪੰਜਾਬੀ ਬੰਦੇ ਨੂੰ ਦੁਨੀਆ ਦੀ ਸਮਕਾਲੀ ਜਾਂ ਵਰਤਮਾਨ ਦੌੜ ਵਿਚ ਬਹੁਤ ਪਿੱਛੇ ਖੜਾ ਕਰ ਦਿੰਦੀ ਹੈ। ਕਵੀ ਸੁਚੇਤ ਅਤੇ ਜ਼ਿੰਮੇਵਾਰੀ ਦੇ ਤੌਰ ’ਤੇ ਇਸ ਸਾਰੇ ਮਾਹੌਲ ਵਿਚ ਔਰਤ ਮਨ ਦੀ ਵਿਥਿਆ ਨੂੰ ਸਮਝਦਿਆਂ ਹੋਇਆਂ ਉਸ ਦੀ ਆਜ਼ਾਦੀ ਦੀ ਗੱਲ ਕਰਦਾ ਹੈ:

*ਮੈਂ ਔਰਤ ਮਨੁੱਖ ਦੀ ਜਨਣੀ*
*ਰਿਸ਼ਤਿਆਂ ਦੇ ਸੰਗਲਾਂ ਵਿਚ ਜਕੜੀ*
*ਸਭ ਰੋਲ ਘਚੋਲ ਰਹੇ ਮੈਨੂੰ*
*ਮਨ ਲੋਚੇ ਬਾਗ਼ੀ ਹੋ ਜਾਵਾਂ*

ਇਹ ਸੁਪਨਿਆਂ ਦਾ ਅਥਾਹ ਜਾਦੂ-ਮਈ ਵੇਗ ਹੀ ਹੁੰਦਾ ਹੈ ਜੋ ਮਨੁੱਖ ਨੂੰ ਹੋਣੀਆਂ ਦੇ ਰਾਹਾਂ ’ਤੇ ਵੀ ਤੋਰੀ ਜਾਂਦਾ ਹੈ। ਇਹ ਮਨੁੱਖ ਨੂੰ ਸੰਘਰਸ਼ ਦੇ ਰਸਤੇ ’ਤੇ ਤੋਰੀ ਰੱਖਦਾ ਹੈ ਅਤੇ ਮਨ ਵਿਚ ਇਕ ਆਸ਼ਾ ਦੀ ਚਿਣਗ ਜਗਾਈ ਰੱਖਦਾ ਹੈ। ਕਵੀ ਨਾ ਕੇਵਲ ਸੰਘਰਸ਼ ’ਤੇ ਤੁਰਦਾ ਹੈ ਬਲਕਿ ਹਮ-ਰਾਹੀਆਂ ਨੂੰ ਵੀ ਜੱਦੋ-ਜਹਿਦ ਦੇ ਰਸਤੇ ’ਤੇ ਤੋਰਨ ਲਈ ਪ੍ਰੇਰਿਤ ਕਰਦਾ ਹੈ।

ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ ਭੂਤ ਅਤੇ ਵਰਤਮਾਨ ਦੀ ਡੂੰਘੀ ਨਿਰਖ-ਪਰਖ ਕਰਨ ਦੇ ਨਾਲ-ਨਾਲ ਭਵਿੱਖ ਦੇ ਰਸਤੇ ਰੌਸ਼ਨ ਕਰਨ ਵਾਲਾ ਇਕ ਹੋਣਹਾਰ ਅਤੇ ਸੁਹਿਰਦ ਸ਼ਾਇਰ ਹੈ। ਆਸ ਹੈ ਕਿ ਭਟਕਦੀ ਲੋਕਾਈ ਲਈ ਉਹ ਆਪਣੀ ਕਲਮ ਨਾਲ ਪੂਰਨੇ ਪਾ ਕੇ ਇਸ ਨੂੰ ਸਦਾ ਸੇਧ ਦਿੰਦਾ ਰਹੇਗਾ।

*ਪੰਜਾਬੀ ਅਧਿਐਨ ਸਕੂਲ*
*ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*

# ਵਿਸਕੀ ਦਾ ਨਾਮ

ਪਾਗ਼ਲ ਕਵੀ
ਹਰ ਹਰਕਤ
ਜ਼ਮਾਨੇ ਦੀ ਤੇ
ਖਿੜਖਿੜਾ ਕੇ ਹੱਸ ਦੇਵੇ
ਜਿਵੇਂ ਚੰਗੇ ਮੰਦੇ
ਦੀ ਨਾ ਪਛਾਣ ਉਸ ਨੂੰ।

ਲੋਕੀਂ ਪੁੱਛਣ ਲੱਗੇ
ਪਾਗ਼ਲਾ ਤੂੰ ਕਿਹੜਾ ਨਸ਼ਾ ਕੀਤਾ
ਸਾਨੂੰ ਵੀ ਪਿਆ ਦੇ
ਪਾਗ਼ਲ ਨੇ ਸਵਾਲ ਕੀਤਾ
ਪਹਿਲਾਂ ਤੁਸੀਂ ਦੱਸੋ
ਕਿਹੜਾ ਨਸ਼ਾ ਹੋ ਤੁਸੀਂ ਪੀਂਦੇ
ਫਿਰ ਮੈਂ ਦੱਸਾਂਗਾ
ਤੇ ਪਿਆਵਾਂਗਾ ਵੀ
ਜੋ ਪੀ ਸਕਦਾ ਹੈ ਪੀਣਾ
ਬਾਟੇ ਭਰ ਭਰ ਪੀਣਾ
ਢਿੱਡ ਨਹੀਂ ਪਾਟੇਗਾ
ਕੋਈ ਬੋਅ ਨਹੀਂ ਮਾਰੇਗਾ
ਅਨੋਖਾ ਸਵਾਦ ਆਵੇਗਾ
ਲੋਕੀਂ ਫਟਾਫਟ ਗਿਨਾਉਣ ਲੱਗੇ
ਸੋਲਨ ਨੰਬਰ ਵੰਨ,
ਹਾਈਲੈਂਡ ਚੀਫ਼, ਰੂੜੀ ਮਾਰਕਾ
ਫੀਮ, ਚਰਸ, ਗਾਂਜਾ, ਭੰਗ
ਜੋ ਮਿਲੇ ਪੀ ਲੈਂਦੇ ਹਾਂ

ਪਾਗ਼ਲ ਗਰਜਿਆ
ਦੂਰ ਹੋ ਜਾਓ ਦੁਸ਼ਟੋ ਮੇਰੇ ਕੋਲੋਂ,
ਮੇਰੇ ਕੋਲ ਇਹ ਮਹੁਰੇ ਨਹੀਂ ਹਨ
ਮੈਂ ਤਾਂ ਪੀਂਦਾ ਹਾਂ
ਵਿਸਕੀ ਨਾਮ ਦੀ।

–

## ਨਰਕਾਂ ਦੇ ਕੀੜੇ

ਕੀੜੀਆਂ ਦੇ ਭੌਂਣ ਲਾਗੇ ਬੈਠਾ
ਮੈਂ ਇਕ ਦਿਨ
ਹਰ ਹਰਕਤ ਉਹਨਾਂ ਦੀ ਵੇਖ
ਡਾਢਾ ਮੁਸਕਰਾ ਰਿਹਾ ਸਾਂ
ਦੌੜ ਰਹੀਆਂ ਹਨ ਇਸ ਤਰ੍ਹਾਂ
ਜਿਵੇਂ ਕਿਤੇ ਲਾਮ ਤੇ ਚੱਲੀਆਂ ਹੋਣ।

ਇਕ ਕੀੜੀ ਹੌਂਸਲਾ ਕਰ ਬੋਲੀ
"ਸਾਡੇ 'ਤੇ ਕੀ ਹੱਸ ਰਿਹਾ
ਓ ਇਨਸਾਨੀ ਕੀੜੇ,
ਆਪਣੀ ਤੁਸੀਂ ਸਾਰ ਲਵੋ
ਤੁਸੀਂ ਤਾਂ ਨਰਕਾਂ ਦੇ ਕੀੜੇ।"

ਉਸ ਦਾ ਇਹ ਵਿਅੰਗ ਸੁਣ
ਮੈਨੂੰ ਕੁਝ ਝਟਕਾ ਲੱਗਾ
ਕੀ ਇਹ ਸੱਚ ਹੈ ?
ਮੈਂ ਸਵਾਲ ਕੀਤਾ

"ਮੂਰਖਾ ਡੂੰਘੀ ਸੋਚ ਵਿਚਾਰ ਕਰ
ਤੁਸੀਂ ਸਾਥੋਂ ਵੀ
ਗਏ ਗੁਜ਼ਰੇ ਕੀੜੇ ਹੋ।"
ਉਸ ਝੱਟ ਜਵਾਬ ਦਿੱਤਾ।

ਮੈਂ ਸੋਚਣ 'ਤੇ
ਮਜਬੂਰ ਹੋ ਗਿਆ
ਸੱਚ ਹੀ ਆਖਦੀ ਹੈਂ
ਸਦੀਆਂ ਤੋਂ ਬਹੁਗਿਣਤੀ
ਨਰਕਾਂ ਦਾ ਜੀਵਣ ਭੋਗ ਰਹੀ।
ਸ਼ੈਤਾਨ ਧਰਮਾਂ, ਕਰਮਾਂ, ਰੰਗਾਂ, ਨਸਲਾਂ
ਦੇ ਹੰਥਕੰਡੇ ਵਰਤ
ਮੁੜ ਮੁੜ ਸਾਨੂੰ
ਗੰਦੀ ਨਾਲੀ ਵਿਚ ਸੁੱਟ ਰਿਹਾ।

ਆਪਣਾ ਹਲਵਾ ਮੰਡਾ
ਕਾਇਮ ਰੱਖਣ ਲਈ
ਅਮੀਰ ਗ਼ਰੀਬ ਨੂੰ
ਸਦੀਆਂ ਤੋਂ ਹੀ
ਹੱਕ, ਸੱਚ ਤੇ ਨੇਕ ਕਿਰਤ ਦੇ
ਸਬਕ ਪੜ੍ਹਾ ਰਿਹਾ।

ਪਰ ਸੋਚੋ ਜ਼ਰਾ ਮੂਰਖੋ
ਫਿਰ ਵੀ ਹਮੇਸ਼ਾ
ਸੱਚ ਹੀ ਕਿਉਂ ਪਿਸਦਾ ਆ ਰਿਹਾ।

ਇਹ ਲਾਰੇ ਸਭ ਝੂਠ ਹਨ
ਸ਼ੈਤਾਨ ਆਪਣੀ ਖੱਲ ਬਚਾ ਰਿਹਾ
ਮੈਂ ਆਪਣੇ ਹੀ ਵਿਚਾਰਾਂ 'ਚ
ਬੌਂਦਲ ਗਿਆ ਸਾਂ
ਇਕ ਕੀੜੀ ਨੇ ਜ਼ੋਰ ਦੀ ਦੰਦੀ ਵੱਢੀ,
"ਨਿਰਾ ਸੋਚਿਆਂ ਕਦੇ ਕੁਝ ਨਹੀਂ ਬਣਦਾ,
ਸਾਥੋਂ ਹੀ ਕੁਝ ਸਬਕ ਲੈ।
ਸਾਡੇ ਏਕੇ ਸਾਹਮਣੇ ਨਾ ਟਿਕਦੇ
ਅੱਤ ਜ਼ਹਿਰੀਲੇ ਫਨੀਅਰ, ਬਿੱਛੂ, ਕੰਨਖਜੂਰੇ।
ਪਹਾੜ ਵਰਗੇ ਹਾਥੀਆਂ ਨੂੰ ਅਸੀਂ ਕਰੀਏ ਢੇਰੀ।

ਇਨਸਾਨੀ ਕੀੜੇ
ਤੂੰ ਤਾਂ ਥਾਂ ਥਾਂ ਧਰਮਾਂ, ਜਾਤਾਂ
ਰੰਗਾਂ, ਨਸਲਾਂ ਵਿਚ ਪਿਆ ਵੰਡਿਆ।
ਛੱਡ ਦਿਉ ਸਭ ਝਗੜੇ ਝੇੜੇ
ਤੁਹਾਡੀ ਸਭ ਦੀ ਜ਼ਾਤ ਇਕ ਹੀ ਹੈ
ਤੁਸੀਂ ਹੋ ਬੱਸ ਨਰਕਾਂ ਦੇ ਕੀੜੇ।

ਸਰਮਾਏਦਾਰੀ ਦੇ ਜ਼ਹਿਰੀਲੇ ਨਾਗਾਂ ਨੂੰ
ਆਖ਼ਰ ਤੁਸੀਂ ਕਾਬੂ ਕਰਨਾ।
ਤੋੜ ਦਿਉ ਸਭ ਸ਼ੈਤਾਨੀ ਜਾਲਾਂ ਨੂੰ
ਬੇਨਕਾਬ ਕਰੋ ਸਭ ਲੂੰਬੜ ਚਾਲਾਂ ਨੂੰ
ਗੱਲ ਕਰੋ ਬੱਸ ਏਕੇ ਦੀ, ਹੌਂਸਲੇ ਦੀ
ਮੁਕਤ ਹੋ ਸਭ ਰਲ ਬਹਿਣਾ, ਵੰਡ ਖਾਣਾ
ਦੁੱਖ-ਸੁਖ ਸਭ ਇਕੱਠੇ ਸਹਿਣਾ
ਇਸ ਧਰਤੀ ਤੇ ਹੀ ਸਵਰਗ ਬਣਾਉਣਾ।

–

## ਮੇਰਾ ਦੇਸ਼ ਮਹਾਨ

ਮੇਰਾ ਦੇਸ਼ ਮਹਾਨ
ਜੱਗ ਵਿਚ ਇਸ ਦੀ ਉੱਚੀ ਸ਼ਾਨ
ਵਾਰਾਂ ਇਸ ਤੋਂ ਤਨ ਮਨ ਧਨ
ਆਪਾ ਕਰਾਂ ਕੁਰਬਾਨ।

ਉੱਚੇ ਬਰਫ਼ੀਲੇ ਪਰਬਤ ਮਹਾਨ
ਰਿਸ਼ੀਆਂ ਮੁਨੀਆਂ ਦੇ ਜਿਥੇ ਤਪੋਸਥਾਨ
ਨਦੀਆਂ, ਦਰਿਆਵਾਂ ਦਾ ਵਰਦਾਨ
ਸਾਡੇ ਲਈ ਸਭ ਤੀਰਥ ਸਥਾਨ
ਮੇਰਾ ਦੇਸ਼ ਮਹਾਨ..... .....

ਸੁੰਦਰ ਵਣ ਤੇ ਜੰਗਲ ਬੇਲੇ
ਵਣ ਪ੍ਰਾਣੀ ਜਿਥੇ ਕਰਨ ਅਠਖੇਲੇ
ਲੰਮੇ ਚੌੜੇ ਇਸ ਦੇ ਮੈਦਾਨ
ਸੋਨਾ ਉਗਲਣ ਕਰਨ ਧਨਵਾਨ
ਮੇਰਾ ਦੇਸ਼ ਮਹਾਨ..... .....

ਦੁਨੀਆ ਦੀ ਇਹ ਸੋਨ ਚਿੜੀ
ਧਾੜਵੀਆਂ ਦੀ ਨਜ਼ਰੇ ਹਮੇਸ਼ਾ ਚੜ੍ਹੀ
ਪਰ ਟਿਕੇ ਨਾ ਇਥੇ ਕੋਈ ਫ਼ਰੰਗੀ
ਰਲ ਮਿਲ ਭੁਗਤ ਸਵਾਰਨ ਚੰਗੀ
ਮੇਰਾ ਦੇਸ਼ ਮਹਾਨ..... .....

ਧਰਮਾਂ, ਜ਼ਾਤਾਂ, ਨਸਲਾਂ ਦਾ ਅਜਬ ਸੁਮੇਲ
ਫੁਲਵਾੜੀ ਇਸ ਦਾ ਨਾ ਦੁਨੀਆ 'ਚ ਕੋਈ ਮੇਲ
ਰਿਸ਼ੀ ਮੁਨੀ ਤੇ ਪੀਰ ਪੈਗ਼ੰਬਰ
ਮਾਨਵਤਾ ਨੂੰ ਰਾਹ ਵਿਖਾ ਮਿਟਾਉਣ ਸਭ ਅਡੰਬਰ
ਮੇਰਾ ਦੇਸ਼ ਮਹਾਨ
ਜੱਗ ਵਿਚ ਇਸ ਦੀ ਉੱਚੀ ਸ਼ਾਨ
ਵਾਰਾਂ ਇਸ ਤੋਂ ਤਨ ਮਨ ਧਨ
ਆਪਾ ਕਰਾਂ ਕੁਰਬਾਨ।

–

# ਦੋਸਤੀ

ਇਕ ਪਲ ਕਿਸੇ ਨਾਲ ਵੀ
ਦਿਲ ਦੀ ਤਹਿ ਤੋਂ ਗੱਲ ਕਰ ਵੇਖੋ।
ਅਗਲੇ ਹੀ ਪਲ ਉਹ ਭੇਤ ਖੋਲ੍ਹੇਗਾ
ਕਿਵੇਂ ਉਹ ਸੀਮਾਵਾਂ ਉਲੰਘ
ਤੁਹਾਡੀ ਸਹਾਇਤਾ ਕਰ ਸਕਦਾ ਹੈ।
ਕੁਰੇਦੇਗਾ ਤੁਹਾਨੂੰ, ਟੋਹਾਂ ਲਾਵੇਗਾ
ਤੁਸੀਂ ਕਿਸੇ ਦਾ ਹੱਕ ਮਾਰ
ਉਸ ਲਈ ਕੀ ਕਰ ਸਕਦੇ ਹੋ
ਤੁਹਾਡੀ ਸੀਮਾਵਾਂ ਉਲੰਘਣ ਦੀ ਸ਼ਕਤੀ ਕੀ ਹੈ
ਅੱਜ ਕੱਲ ਤਾਂ ਹੱਕ ਮਾਰਨਾ,
ਹੱਕ ਖੋਹਣਾ, ਤਰਫ਼ਦਾਰੀ ਕਰਨਾ
ਬੁਨਿਆਦ ਦੋਸਤੀ ਦੀ।
ਦੋਸਤਾਂ ਦੀ ਸੂਚੀ ਹੋਏਗੀ ਉਤਨੀ ਲੰਬੀ
ਜਿੰਨੇ ਚਾਲਬਾਜ਼, ਹੱਕਮਾਰ, ਹਰਾਮਖੋਰ
ਸਰਮਾਏਦਾਰੀ ਦੇ ਪਿੱਠੂ ਤੁਸੀਂ ਹੋ ਸਕਦੇ।
ਅੱਜ ਸਮਾਜ ਵਿਚ ਚੱਲਦਾ ਪੁਰਜ਼ਾ ਉਹੀ
ਜੋ ਇਹ ਸਭ ਕੁਝ ਕਰ ਸਕਦਾ।
ਅਸੂਲਾਂ, ਆਦਰਸ਼ਾਂ, ਕਦਰਾਂ-ਕੀਮਤਾਂ ਵਾਲੇ ਸ਼ਖ਼ਸ
ਦੋਸਤੀ ਤੋਂ ਵਾਂਝੇ ਹੋਏ
ਅਖਵਾਏ ਜਾਵਣ ਬੇਕਾਰ ਪੁਰਜ਼ੇ ਦੋਸਤੋ

–

## ਬੰਦੇ ਨੂੰ

ਕਰ ਸ਼ੁਕਰ ਖ਼ੁਦਾ ਦਾ
ਨਾ ਬਣ ਤੂੰ ਹੰਕਾਰੀ,
ਹੋਸ਼ ਕਰ ਬੰਦਿਆ।
ਭੇਜਿਆ ਸੀ ਕਿਉਂ
ਇਸ ਜੱਗ ਵਿਚ ਉਸ
ਫ਼ਰਜ਼ਾਂ ਦੀ ਪਛਾਣ ਕਰ ਬੰਦਿਆ।
ਤੇਰੇ ਲਈ ਜੱਗ ਵਿਚ
ਸੁੰਦਰ ਵਸਤਾਂ ਹਜ਼ਾਰ
ਗੰਦਗੀ ਵੱਲ ਨਾ ਤੂੰ ਦੌੜ ਬੰਦਿਆ।
ਛੱਡ ਵੈਰ ਵਿਰੋਧ
ਤੇ ਲੜਾਈਆਂ ਝਗੜੇ
ਜੱਗ ਵਿਚ ਪ੍ਰੇਮ ਦਾ ਪੈਗ਼ਾਮ ਤੂੰ ਫੈਲਾ ਬੰਦਿਆ।
ਕਰ ਸੱਚੀ ਸੁੱਚੀ ਕਾਰ
ਤੇ ਰੁਸ਼ਨਾ ਦੁਨੀਆ
ਹਨੇਰਿਆਂ ਨੂੰ ਜੱਗ ਤੋਂ ਭਜਾ ਬੰਦਿਆ।
ਅੰਮ੍ਰਿਤ ਦੁੱਧ ਸੀ
ਜੋ ਤੂੰ ਪੀਤਾ ਮਾਂ ਦਾ
ਜਾਬਰਾਂ ਅੱਗੇ ਡਟ ਕੇ ਮੁੱਲ ਚੁਕਾ ਤੂੰ ਬੰਦਿਆ।
ਸੁੰਦਰ ਹੈ ਸ੍ਰਿਸ਼ਟੀ
ਤੇ ਸੁੰਦਰ ਸਭੇ ਪ੍ਰਾਣੀ
ਛੱਡ ਨਫ਼ਰਤਾਂ ਤੇ ਵੰਡ ਪਿਆਰ ਬੰਦਿਆ।
ਮਾਨਸ ਜੀਵਨ ਹੈ ਇਕ ਵਾਰ
ਕਰ ਲੈ ਸੱਚ ਦਾ ਵਪਾਰ
ਝੂਠਾਂ ਦੇ ਪੁਲੰਦੇ ਨਾ ਖਿਲਾਰ ਬੰਦਿਆ।

ਸਵਰਗਾਂ ਦੀ ਭਾਲ ਛੱਡ
ਸੁੱਚੀ ਕਿਰਤ ਤੇ ਲਗਨ ਨਾਲ
ਧਰਤ ਨੂੰ ਹੀ ਸਵਰਗ ਬਣਾ ਲੈ ਬੰਦਿਆ।

–

## ਟੁੱਟੇ ਦਿਲ

ਬੜਾ ਅਫ਼ਸੋਸ ਹੈ ਤੈਨੂੰ
ਟੁੱਟ ਗਿਆ ਮਿੱਟੀ ਦਾ ਖਿਡੌਣਾ
ਲਾ ਯਤਨ ਪੂਰਾ
ਟੁਕੜਾ ਟੁਕੜਾ ਇਕੱਠਾ ਕਰ
ਬੋਨ ਫਿਕਸ ਲਾ ਜੋੜ ਲਿਆ।
ਮਾਂ ਦੇ ਜਾਇਆਂ
ਦੇ ਦਿਲ ਟੁੱਟਣ
ਤੈਂ ਕੀ ਦਰਦ ਨਾ ਆਵੇ।
ਕੀ ਨਹੀਂ ਕੋਈ ਫੈਵੀਕੋਲ ਕੋਈ
ਜੋ ਟੁੱਟੇ ਦਿਲਾਂ ਨੂੰ ਜੋੜੇ।
ਭੋਲਿਆ ਲਾ ਪਿਆਰ ਮੁਹੱਬਤਾਂ ਦੀ ਮਲ੍ਹਮ
ਇਖ਼ਲਾਕ ਅਸੂਲ ਨਾ ਤੂੰ ਭੁੱਲ
ਜੁੜ ਜਾਣਗੇ ਫਿਰ ਇਹ ਟੁੱਟੇ ਦਿਲ।

–

## ਪ੍ਰੀਤ ਨਗਰ ਦੇ ਵਾਰਸੋ

ਪ੍ਰੀਤ ਨਗਰ ਦੇ ਵਾਰਸੋ ਤੁਸੀਂ ਕਿੱਧਰ ਟੁਰ ਗਏ
ਕਿਉਂ ਨਾ ਦਿਤੇ ਪ੍ਰੀਤਾਂ ਤੇ ਪਹਿਰੇ ਨਗਰ ਸੁੰਞਾ ਕਰ ਗਏ।
ਕੀ ਪ੍ਰੀਤ ਸੀ ਤੁਹਾਡੀ ਐਨੀ ਕੱਚੀ,
ਨਫ਼ਰਤਾਂ, ਖ਼ੁਦਗਰਜ਼ੀਆਂ, ਜਨੂੰਨੀਆਂ ਅੱਗੇ ਉੱਤਰੀ ਨਾ ਸੱਚੀ
ਪ੍ਰੀਤਾਂ ਦੇ ਪਿਆਰੇ ਪ੍ਰੀਤ ਵਣਜਾਰੇ ਤੁਰ ਗਏ।
ਇਸ ਨਗਰ ਤੋਂ ਮਿਲਦੇ ਸੀ ਜੋ ਪ੍ਰੀਤ ਪੈਗ਼ਾਮ ਖ਼ੁਰ ਗਏ
ਪ੍ਰੀਤ ਨਗਰ ਦੇ ਵਾਰਸੋ ਵਿਰਸਾ ਪਛਾਣੋ
ਤੁਹਾਡੇ ਪੁਰਖਿਆਂ ਕੀ ਸੁਪਨੇ ਉਲੀਕੇ ਸੀ ਜਾਣੋ।

ਪੁਰਖਿਆਂ ਦੀਆਂ ਨਿਸ਼ਾਨੀਆਂ ਦੀ ਬੇਕਦਰੀ ਕਰ ਗਏ
ਕੌਡੀਆਂ ਦੇ ਭਾਅ ਕਿਉਂ ਵਿਰਸਾ ਨਿਲਾਮ ਕਰ ਗਏ
ਪ੍ਰੀਤ ਨਗਰ ਦੇ ਵਾਰਸੋ ਕਰੋ ਕੁਝ ਹੋਸ਼
ਪ੍ਰੀਤਾਂ ਦੀ ਲੜੀ ਜੋੜੋ, ਲਗਾਉ ਕੁਝ ਜੋਸ਼।
ਪ੍ਰੀਤਾਂ ਦੀ ਨਵੀਂ ਪਨੀਰੀ ਲਗਾਓ
ਘਰ ਘਰ ਪ੍ਰੀਤ ਸੁਨੇਹੇ ਪਹੁੰਚਾਓ।
ਕੀ ਹੋਇਆ ਸਮੇਂ ਦੇ ਝੱਖੜ ਕੁਝ ਗੁੰਮਰਾਹ ਕਰ ਗਏ
ਪ੍ਰੀਤਾਂ ਦੀ ਧੜਕਣ ਹੈ ਅਜੇ ਬਾਕੀ ਕਿਉਂ ਕਿਨਾਰੇ ਕਰ ਗਏ।
ਬਣੋ ਸੱਚੇ ਪ੍ਰੀਤਾਂ ਦੇ ਪਹਿਰੇਦਾਰ, ਯਤਨ ਕਰੋ
ਪ੍ਰੀਤ ਨਗਰ ਦੀਆਂ ਰੌਣਕਾਂ ਮੁੜ ਬਹਾਲ ਕਰੋ
ਮਾਇਆ ਦੇ ਚੱਕਰਾਂ ਵਿਚੋਂ ਨਿਕਲੋ ਦੋਸਤੋ
ਕੋਈ ਪ੍ਰੀਤ ਦਾ ਚੱਕਰ ਚਲਾਓ ਦੋਸਤੋ
ਪ੍ਰੀਤ ਲੜੀ ਨੂੰ ਕਰੋ ਪਕੇਰਾ
ਪ੍ਰੀਤ ਨਗਰ ਨੂੰ ਕਰੋ ਉਚੇਰਾ।
–

## ਧਰਤੀ ਤੇ ਔਰਤ

ਧਰਤੀ ਤੇ ਔਰਤ ਵਿਚ ਨਾ ਫ਼ਰਕ ਕਾਈ
ਦੋਵੇਂ ਜਨਮ ਦਾਤੀਆਂ ਪਾਲਣ ਲੋਕਾਈ
ਧਰਤ ਜੋ ਉਪਜੇ ਬੇਸ਼ੁਮਾਰ ਨਜ਼ਾਰੇ
ਔਰਤ ਵੀ ਜਨਮੇ ਅਨੇਕ ਅਵਤਾਰੇ।
ਧਰਤੀ ਤੇ ਜੇ ਨੇ ਦਲਦਲ, ਰੇਗਿਸਤਾਨ, ਬਰਫ਼ੀਲੇ ਪਰਬਤ
ਔਰਤ ਵੀ ਸਰੂਪਨਖਾ, ਚੰਡੀ, ਮਦਰ ਟੈਰੇਸਾ ਕਦੇ ਬਣੇ
ਧਰਤ ਜੇ ਉਪਜਾਊ ਹੋਵੇ ਤਾਂ ਉਪਜੇ ਦੌਲਤ ਅਮੁੱਲ
ਔਰਤ ਮਹਾਨ ਜਨਮੇ ਨਾਨਕ, ਯਿਸੂ, ਕ੍ਰਿਸ਼ਨ, ਰਾਮ ਭਗਵਾਨ ਤੁਲ
ਆਓ ਧਰਤ ਨੂੰ ਸੱਚੀ ਕਿਰਤ ਕਰ ਜੰਨਤ ਬਣਾਈਏ
ਆਓ ਔਰਤ ਭਵਿੱਖ ਦੀ ਜਨਣੀ ਦਾ ਮਾਨ ਵਧਾਈਏ
ਧਰਤੀ ਤੋਂ ਪਰੇ ਕਿਸੇ ਜ਼ੰਨਤ ਦੀ ਨਾ ਸੋਚੀਏ
ਔਰਤ ਭਵਿੱਖ ਦੀ ਮਾਂ ਦੇ ਯੋਗ ਸਥਾਨ ਬਾਰੇ ਲੋਚੀਏ।

–

## ਮੇਰੇ ਜੀਵਨ ਸਾਥੀ

ਆ ਸਾਥੀਆ, ਮਿਲ ਚੱਲੀਏ
ਜੀਵਨ ਦੇ ਪੰਧ 'ਤੇ ਖ਼ੁਸ਼ੀਆਂ ਬਖੇਰਦੇ ਚੱਲੀਏ।
ਕੀਤੇ ਸਨ ਜੋ ਕੌਲ ਕਰਾਰ ਪਲੇਠੀ ਮਿਲਣੀ 'ਤੇ,
ਉਹਨਾਂ ਵਿਚੋਂ ਕੁਝ ਨਿਭਾ ਚੱਲੀਏ।
ਸਮੇਂ ਦੇ ਟੋਇਆਂ ਟਿੱਬਿਆਂ ਵਿਚੋਂ
ਆ ਰਲ ਜੀਵਨ ਗੱਡੀ ਲੰਘਾ ਚੱਲੀਏ।
ਅੱਜ ਮੌਕਾ ਹੈ ਆ ਗੱਲ ਪਿਆਰ ਦੀ ਕਰੀਏ,
ਅਨੇਕ ਸਮੇਂ ਆਉਣੇ ਜਦੋਂ ਗੱਲ ਤਕਰਾਰ ਦੀ ਕਰਾਂਗੇ।
ਮੇਰਾ ਸਾਥ ਤੈਨੂੰ ਤੇ ਤੇਰਾ ਸਕੂਨ ਦੇਵੇ ਮੈਨੂੰ,
ਆ ਰੱਲ ਢੂੰਡ ਪੁੱਟੀਏ ਉਹ ਕੰਡੇ ਜੋ ਚੋਭਾਂ ਦੇਣ ਸਾਨੂੰ।
ਜ਼ਰਾ ਜ਼ਰਾ ਗੱਲ 'ਤੇ ਨਾ ਐਵੇਂ ਰੁੱਸ ਬੈਠੀਏ
ਮੌਕੇ ਉਹ ਤਲਾਸ਼ ਕਰ ਤਾਂ ਕਿ ਰਲ ਬੈਠੀਏ।
ਦੋਸਤੀ ਪਕੇਰੀ ਜੇ ਅਸਾਂ ਰੱਖਣੀ
ਪਿਆਰ ਮੁਹੱਬਤ ਵਿਸ਼ਵਾਸ ਤੋਂ ਹੋਵੇ ਨਾ ਸੱਖਣੀ।
ਜੀਵਨ ਸਾਥੀ ਜੋ ਸੱਚੇ ਬਣ ਗਏ,
ਤੇਰ-ਮੇਰ ਪਿੱਛੇ ਛੱਡ ਅੱਗੇ ਵਧ ਗਏ।
ਸੱਚੇ ਸਾਥੀ ਹਰ ਵੇਲੇ ਨਾ ਕਿਸੇ ਨੂੰ ਪਰਖਦੇ
ਮੁਸੀਬਤਾਂ ਦੇ ਪਹਾੜ ਟੁੱਟਣ ਤਾਂ ਜ਼ਰਾ ਵੀ ਨਾ ਜ਼ਰਕਦੇ।
ਪਿਆਰ ਨਾ ਕਬਜ਼ਾ ਹੋਵੇ ਨਾ ਹੋਵੇ ਬੰਧਨ ਸਾਥੀ
ਨਿਰਛਲ, ਨਿਰਸਵਾਰਥੀ ਹੋ ਚੱਲਦੇ ਰਹੀਏ ਸਾਥੀ।
ਸਾਥੀ ਦਾ ਸਾਥ ਹੁੰਦਾ ਜਿਵੇਂ ਫੁੱਲ ਤੇ ਮਹਿਕਦਾ
ਇਕ ਦੂਜੇ ਦੀ ਸੰਗਤ ਵਿਚ ਰਹੇ ਟਹਿਕਦਾ।
ਸਾਥੀ ਆ ਘੁਲ ਮਿਲ ਚੱਲੀਏ
ਜੀਵਨ ਦੇ ਪੰਧ 'ਤੇ ਖ਼ੁਸ਼ੀਆਂ ਬਖੇਰਦੇ ਚੱਲੀਏ। –

## ਬੱਚੇ ਤੇ ਫੁੱਲ

ਬੱਚੇ ਤੇ ਫੁੱਲ ਇਕ ਸਮਾਨ
ਕੁਮਲਾ ਜਾਂਦੇ ਨੇ ਗਰਮ ਹਵਾਵਾਂ ਨਾਲ
ਸਰਦ ਫ਼ਿਜ਼ਾਵਾਂ ਨਾਲ
ਪਿਆਰ ਦੇ ਪ੍ਰਤੀਕ ਇਹ
ਇਹਨਾਂ ਨੂੰ ਨਾ ਨਫ਼ਰਤ ਕਰੋ
ਭਵਿੱਖ ਦੇ ਵਾਰਸ ਇਹ
ਪਿਆਰ ਦੁਲਾਰ ਦੋਸਤੀ ਭਾਈਚਾਰੇ ਦਾ ਪਾਣੀ ਦਿਓ
ਕਰੋ ਵਿਕਾਸ ਫੁਲਵਾੜੀ ਦਾ
ਨਿਰੋਲ, ਨਿਰਲੇਪ, ਨਿਰਛਲ ਕਰੋ ਸੇਵਾ
ਮਨਮੋਹਣੇ ਟਹਿਕਦੇ ਫੁੱਲਾਂ ਨਾਲ ਫੁਲਵਾੜੀ ਭਰਪੂਰ ਕਰੋ
ਮਹਿਕਾਂ ਬਿਖੇਰਨ ਚੁਗਿਰਦਾ ਮਹਿਕਾਵਣ
ਮਨ ਨੂੰ ਗਦਗਦ ਕਰ ਜਾਵਣ ਬੱਚੇ ਤੇ ਫੁੱਲ।

–

## ਘਰ ਬੇਘਰ

ਹਾਂ ਮੈਂ ਕਦੇ ਘਰ ਹੁੰਦਾ ਸਾਂ
ਪਰ ਮੈਂ ਬੇਘਰ ਹੁੰਦਾ ਜਾ ਰਿਹਾਂ
ਮੇਰੇ ਅੰਦਰ ਜੋ ਕਦੇ ਹੁੰਦਾ ਸੀ
ਉਸ ਦੀ ਜਗ੍ਹਾ ਕੁਝ ਹੋਰ ਹੁੰਦਾ ਜਾ ਰਿਹਾ
ਪੈਸੇ ਦੀ ਖਣਖਣਾਹਟ ਮੇਰੀ ਸੰਘੀ ਘੁੱਟ ਰਹੀ
ਨਵੇਂ ਯੁੱਗ ਦਾ ਸਾਜ਼ੋ ਸਮਾਨ ਵਧਦਾ ਜਾ ਰਿਹਾ
ਮੇਰਾ ਸੁਖ ਸ਼ਾਂਤੀ ਤੇ ਸਕੂਨ ਭੰਗ ਹੋ ਰਹੇ
ਮੇਰਾ ਹਰ ਬਸ਼ਰ ਗੁੰਮ-ਸੁੰਮ ਰਹੇ
ਨਫ਼ਰਤਾਂ ਦੀ ਜਵਾਲਾ ਕਲੇਸ਼ ਵਧਦਾ ਜਾ ਰਿਹਾ।
ਅਹਿਸਾਸਾਂ ਤੋਂ ਸੱਖਣਾ ਹਰ ਬਸ਼ਰ
ਡਰਾਉਣਾ ਕੰਕਾਲ ਬਣਦਾ ਜਾ ਰਿਹਾ
ਨਿੱਤ ਨਵੇਂ ਪੱਥਰ ਤੇ ਰੰਗ ਰੋਗਨ ਲਗਾ
ਘਰਾਂ ਤੋਂ ਮਕਬਰੇ ਬਣਾ ਰਹੇ।
ਘਰ ਤੇ ਇਕ ਪੰਛੀ ਦਾ ਹੁੰਦਾ ਏ
ਜਿਥੇ ਹਰ ਜੀਵ ਚਹਿਚਹਾਉਂਦਾ ਏ
ਨਰ ਮਾਦਾ ਤਿਨਕਾ ਤਿਨਕਾ ਚੁਕ ਆਲ੍ਹਣਾ ਬਣਾਉਂਦੇ
ਨਿਰਛਲ, ਨਿਰਲੇਪ, ਪਿਆਰ ਨਾਲ ਬੱਚਿਆ ਨੂੰ ਪਾਲਦੇ
ਪਰ ਮੈਂ ਅੱਜ ਮਾਯੂਸ ਹਾਂ
ਘਰ ਤੋਂ ਬੇਘਰ ਹੁੰਦਾ ਜਾ ਰਿਹਾ
ਬੇਰੁਖੇ ਮੌਸਮ ਦੀ ਮਾਮੂਲੀ ਸਰਸਰਾਹਟ ਨਾ ਸਹਾਂ
ਅੱਜ ਮੈਂ ਤਿਨਕਾ ਤਿਨਕਾ ਹੁੰਦਾ ਜਾ ਰਿਹਾ।

–

## ਗ਼ੁਲਾਮੀ

ਭੋਲੇ ਲੋਕੋ ਕੀ ਇਹ ਸੱਚ ਹੈ
ਗ਼ੁਲਾਮੀ ਪ੍ਥਾ ਖ਼ਤਮ ਹੋ ਗਈ ?
ਇਹ ਤਾਂ ਹਰ ਸ਼ਖ਼ਸ ਦੇ ਰੋਮ ਰੋਮ ਸਮਾ ਗਈ
ਸਾਡੀ ਸੋਚ, ਬੋਲੀ, ਪਹਿਰਾਵਾ
ਕੁਝ ਵੀ ਤਾਂ ਆਪਣਾ ਨਹੀਂ
ਭੁੱਲ ਗਏ ਹਾਂ ਆਪਣੀ ਸੁਰ-ਤਾਲ
ਵਿਦੇਸ਼ੀਆਂ ਦੇ ਇਸ਼ਾਰਿਆਂ 'ਤੇ ਨੱਚਦੇ ਨੱਚਦੇ
ਖ਼ੁਦ ਹਰ ਸ਼ਖ਼ਸ ਹੁਣ ਲੋਚਦਾ
ਦੂਸਰੇ ਨੂੰ ਆਪਣੀ ਸੁਰ-ਤਾਲ 'ਤੇ ਨਚਾਉਣਾ
ਜੀ-ਹਜ਼ੂਰੀ ਸਾਡੇ ਖ਼ੂਨ ਵਿਚ ਘੁਲਗੀ
ਦੌੜਦੇ ਹਾਂ ਆਪਣੇ ਆਕਾ ਦੇ ਮੁਲਕਾਂ ਵੱਲ
ਮਸ਼ੀਨਾਂ ਨਾਲ ਮਸ਼ੀਨ ਹੋ ਕਰਦੇ ਮੁਸ਼ੱਕਤ
ਆਪਣੇ ਵਤਨੀਂ ਪਰਤ ਬਣਦੇ ਵਿਹਲੜ ਕੰਮਚੋਰ
ਆਜ਼ਾਦੀ ਪਾ ਕੇ ਵੀ ਨਾ ਅਸੀਂ ਆਜ਼ਾਦ ਹੋਏ
ਅੱਜ ਵੀ ਸਾਡੀ ਸੋਚ 'ਤੇ ਗ਼ੁਲਾਮੀ ਕਾਬਜ਼।

–

## ਦੁੱਖ ਸੁੱਖ

ਜ਼ਿੰਦਗੀ ਦਾ ਸਫ਼ਰ ਹੈ, ਦੁੱਖਾਂ ਸੁੱਖਾਂ ਦਾ ਜੋੜ
ਦੁੱਖ ਦਰਦ ਦੀ ਮਹੱਤਤਾ ਤੋਂ ਨਾ ਮੂੰਹ ਮੋੜ।
ਸੁੱਖਾਂ ਦਾ ਸਹੀ ਮੁੱਲ ਉਹੀ ਜਾਣੇ
ਜਿਸ ਨੇ ਦੁੱਖ ਕੰਡਿਆਂ ਦੇ ਮਾਣੇ।
ਉੱਨਾ ਉੱਚਾ ਸੁਖ ਦਾ ਆਨੰਦ ਮਨਾਵੇਂਗਾ
ਜਿੰਨਾ ਦੁੱਖਾਂ ਦੀ ਤਹਿ ਨੂੰ ਸਮਝ ਜਾਵੇਂਗਾ
ਪਾ ਲੈ ਦੁੱਖਾਂ ਨਾਲ ਯਾਰੀ
ਸੁੱਖ ਰਸ਼ਕ ਕਰਦੇ ਆਪੇ ਆਵਣਗੇ।
ਸੁੱਖ ਦੁੱਖ ਨੇ ਜੀਵਨ ਦੇ ਪਹਿਲੂ ਸਵੀਕਾਰ ਲੈ,
ਦੋਵਾਂ ਨਾਲ ਨਾਲ ਚੱਲਣਾ ਇਹ ਜਾਣ ਲੈ,
ਸੁੱਖਾਂ ਵਿਚ ਜੇ ਮਾਣੇ ਜ਼ੰਨਤ ਦੇ ਨਜ਼ਾਰੇ,
ਦੁੱਖਾਂ ਵਿਚ ਨਰਕਾਂ ਦੇ ਕਸ਼ਟ ਸਹਾਰੇ।
ਦੁੱਖ ਸੁੱਖ ਨੇ ਜੀਵਨ ਦੇ ਸਾਥੀ,
ਜੀਵਨ ਦਾ ਪੈਂਡਾ ਮੁਕਾਉਣ ਲਈ
ਦੁੱਖ ਸੁੱਖ ਨੇ ਜੀਵਨ ਦੀ ਦਾਰੂ
ਜੀਵਨ ਦੇ ਕਸ਼ਟ ਮਿਟਾਉਣ ਲਈ।

–

## ਕੈਦੀ

ਕੈਦੀ ਕੈਦ ਵਿਚ ਦੁੱਖ ਭੋਗਦਾ ਹੈ
ਕਿਉਂਕਿ ਆਜ਼ਾਦੀ ਖੁੱਸ ਜਾਂਦੀ ਹੈ।
ਪਰ ਦੁੱਖ ਭੋਗਣ ਲਈ ਜੇਲ੍ਹ ਦਾ ਹੋਣਾ ਜ਼ਰੂਰੀ ਨਹੀਂ
ਆਪਣੀਆਂ ਬੇਸਮਝੀਆਂ ਕਾਰਨ
ਇਹ ਦੁੱਖ ਘਰ ਬੈਠੇ ਵੀ ਝੱਲ ਸਕਦੇ ਹੋ
ਆਪਣੀ ਸੋਚ ਦੇ ਪਰਿੰਦੇ ਦੇ ਪਰ ਕੱਟ ਕੇ
ਘਰ ਬੈਠੇ ਹੀ ਕੈਦੀ ਬਣ ਸਕਦੇ ਹੋ
ਹਰ ਵਰਤਾਰੇ ਨੂੰ ਨਫ਼ੇ ਨੁਕਸਾਨਾਂ ਵਿਚ ਤੋਲਦੇ
ਤੁਸੀਂ ਇਨਸਾਨਾਂ ਵਾਂਗ ਜੀ ਨਹੀਂ ਸਕਦੇ
ਨਫ਼ੇ ਨੁਕਸਾਨ ਦਾ ਸਹਿਮ ਜ਼ਿੰਦਗੀ ਅਜਾਬ ਬਣਾਵੇ
ਤੁਹਾਡੀ ਸੋਚ ਨੂੰ ਸੰਗਲੀ ਪਾ ਕੈਦੀ ਬਣਾਵੇ।

–

## ਜੀਵਨ

ਕਿਸੇ ਦੇ ਮਰ ਜਾਣ 'ਤੇ
ਖ਼ੁਦ ਨੂੰ ਮਾਰ ਲੈਣਾ, ਜੀਵਨ ਤੋਂ ਮੂੰਹ ਮੋੜ ਲੈਣਾ
ਕਿਥੋਂ ਦੀ ਸਿਆਣਪ ਏ ?
ਕੁਦਰਤ ਦੀ ਦਿੱਤੀ ਅਮੁੱਲ ਦਾਤ
ਬਿਨ ਭੋਗਿਆਂ ਟੁਰ ਜਾਣਾ
ਕੁਦਰਤ ਦਾ ਘੋਰ ਨਿਰਾਦਰ ਏ।
ਲੋੜ ਤਾਂ ਏ ਹਰ ਕੋਈ ਦਲੇਰੀ ਨਾਲ
ਕੁਦਰਤ ਦੇ ਦਿੱਤੇ ਸਵਾਸਾਂ ਦਾ
ਸਹੀ ਢੰਗ ਨਾਲ ਹਿਸਾਬ ਨਿਬੇੜੇ।
ਜੀਵਨ ਐ ਸੰਘਰਸ਼
ਸਾਹਾਂ ਦਾ ਸੰਘਰਸ਼ ਜੀਵਨ ਐ।
ਆਓ ਹਿੰਮਤ ਕਰ ਕਮਾਈਏ ਹੰਢਾਈਏ
ਧਰਤ ਤੋਂ ਭੁੱਖ ਕੰਗਾਲੀ ਭਜਾਈਏ
ਬੁਜ਼ਦਿਲੀ ਏ ਸੰਘਰਸ਼ ਤੋਂ ਮੂੰਹ ਮੋੜਨਾ
ਸਾਹਾਂ ਤੋ ਰਿਸ਼ਤਾ ਤੋੜਨਾ।

–

## ਅ-ਆਦਮੀ, ਅ-ਔਰਤ

ਇਕੋ ਅੱਖਰ ਨਾਲ ਸ਼ੁਰੂ ਹੋਣ ਵਾਲੇ ਸ਼ਬਦ
ਇਕ ਦੂਸਰੇ ਦੇ ਨੇੜੇ ਆ ਰਹੇ।
ਇਤਿਹਾਸ ਦਾ ਲੰਬਾ ਸਫ਼ਰ ਇਕੱਠੇ ਤਹਿ ਕੀਤਾ
ਪਰ ਅਜੇ ਇਹ ਕੁਝ ਕੁਝ ਇਕ ਦੂਜੇ ਨੂੰ ਜਾਨਣ ਲੱਗੇ।
ਆਦਮੀ ਦੇ 'ਅ' ਦਾ ਅਹਿਮ
ਔਰਤ ਦੇ 'ਅ' ਨੂੰ ਆਜ਼ਾਦੀ ਨਹੀਂ ਦਿੰਦਾ।
ਦੋਵੇਂ 'ਅ' ਇਕੱਠੇ ਤੁਰਦੇ ਰਹੇ ਨੇ
ਪਰ ਇਕ-ਮਿਕ ਨਹੀਂ ਹੋਏ।
ਕੁਝ ਕੁ ਸੋਚ ਬਦਲੀ ਐ ਆਦਮ ਜਾਤ ਦੀ
ਦੋਵੇਂ 'ਅ' ਇਨਸਾਨਾਂ ਲਈ ਨੇ
ਸਭ ਵਿਚ ਇਕ ਹੀ ਰੂਪ ਮਾਨ ਹੈ।

–

## ਯੋਗਾ

ਘਰ ਵਿਚ ਖ਼ੁਸ਼ਹਾਲੀ ਹੈ
ਖੁੱਲ੍ਹਾ ਖਾਣ ਪੀਣ ਹੈ
ਕੰਮ ਦਾ ਵੀ ਕੋਈ ਬੋਝ ਨਹੀਂ ਹੈ।
ਸ਼ੁਗਲ ਐ ਗਾਣੇ ਸੁਨਣਾ, ਗਾਣੇ ਗਾਉਣਾ
ਟੀ.ਵੀ. ਨਾਲ ਮਨ ਪਰਚਾਉਣਾ।
ਜਾਂ ਫਿਰ ਨੌਕਰਾਣੀ ਨੂੰ ਕਿਵੇਂ ਆਹਰੇ ਲਾਉਣਾ।
ਰਾਤ ਦੇਰ ਤਕ ਸਨਸਨੀ ਖੇਜ ਪ੍ਰੋਗਰਾਮ ਦੇਖਣਾ।
ਤੇ ਸੁਬ੍ਹਾ ਫਿਰ ਟੀ.ਵੀ. ਅੱਗੇ ਬੈਠ ਜਾਣਾ।

ਬਾਬੇ ਦਾ ਯੋਗਾ ਪ੍ਰੋਗਰਾਮ ਚੱਲਦਾ ਹੈ।
ਸਰੀਰ ਦੇ ਵਿਗੜੇ ਜ਼ੁਗਰਾਫ਼ੀਏ ਦੀ ਹੈ ਚਿੰਤਾ
ਕਈ ਤਰ੍ਹਾਂ ਦੇ ਆਸਣ ਲਗਾਉਂਦੇ ਨੇ
ਸਫ਼ਾਈ ਕਰਨ ਵਾਲੀ ਮੁਸਕਰਾਉਂਦੀ ਐ
ਪੁੱਠੀਆਂ ਸਿੱਧੀਆਂ ਹਰਕਤਾਂ ਵੇਖ
ਤੇ ਕਈ ਵਾਰ ਪੈਂਦੀ ਹੈ ਡਾਂਟ ਖਾਣੀ
'ਕੀ ਦੰਦੀਆਂ ਕੱਢਦੀ ਐਂ ਬੀਰੋ
ਛੇਤੀ ਛੇਤੀ ਹੱਥ ਚਲਾ ਤੇ ਚੰਗੀ ਤਰ੍ਹਾਂ ਪੋਚਾ ਲਾ।'

ਮਲੂਕੜੀ ਛਮਕ ਜਿਹੀ ਬੀਰੋ
ਸਹਿਮੀ ਹੋਰ ਤੇਜ਼ ਹੱਥ ਚਲਾਉਂਦੀ ਐ।
ਪਸੀਨੇ ਨਾਲ ਲੱਥਪੱਥ ਹੋਈ
ਇਕ ਘੰਟੇ ਵਿਚ ਹੀ ਕਰ ਦਿੰਦੀ ਐ ਸਾਰੀ ਸਫ਼ਾਈ।

ਮਾਲਕਣ ਹਮਦਰਦੀ ਕਰਦੀ ਐ
'ਬੇਟਾ ਹੋ ਗਈ ਵਿਹਲੀ,

ਆਹ ਲੈ ਪਰੌਂਠੀ ਤੇ ਚਾਹ ਦਾ ਗਲਾਸ'
ਚਾਹ ਪੀ ਰਤਾ ਕੱਪੜਿਆਂ ਨੂੰ ਲਾ ਦੇਵੀਂ ਸਾਬਣ
ਦਸ ਰੁਪਏ ਦੇਵਾਂਗੀ"
ਬੀਰੋ ਦੀ ਮਜਬੂਰੀ ਏ, ਝੱਟ ਹਾਂ ਕਰਦੀ ਏ।

"ਯੋਗਾ ਬੜਾ ਔਖਾ ਐ ਥੱਕ ਗਈ ਆਂ, ਬੀਰੋ"
ਜੂਸ ਦਾ ਜੱਗ ਫੜ, ਏ.ਸੀ. ਲਗਾ ਬਹਿ ਜਾਂਦੀ ਐ
"ਬਹੁਤ ਮੁਸ਼ਕਿਲ ਐ ਯੋਗਾ", ਲੰਬਾ ਸਾਹ ਲੈਂਦੀ ਐ ਮਾਲਕਣ

ਤਾਂ ਨਾ ਕਰੋ ਇਹ ਯੋਗਾ ਬੀਬੀ ਜੀ,
"ਸ਼ੁਦੈਣੇ ਤੈਨੂੰ ਕੀ ਪਤਾ ਯੋਗਾ ਦੇ ਫ਼ਾਇਦੇ
ਸਰੀਰ ਤੰਦਰੁਸਤ ਸੁਡੌਲ ਬਣਦਾ"
ਬੀਬੀ ਜਵਾਬ ਦੇਂਦੀ ਏ
"ਕਰਦਾ ਰੱਬ ਜੇ ਮੇਹਰ ਤੇਰਾ ਵਰਗਾ ਸਰੀਰ ਦਿੰਦਾ
ਮੈਂ ਕਦੋਂ ਕਰਨਾ ਸੀ ਇਹ ਭੈੜਾ ਯੋਗਾ,
ਥਕਾ ਦਿੰਦਾ ਹੈ ਅਕਾ ਦਿੰਦਾ ਹੈ ਯੋਗਾ",

ਮੈਂ ਰਤਾ ਲੱਕ ਸਿੱਧਾ ਕਰ ਲਵਾਂ
ਤੂੰ ਕੱਪੜੇ ਧੋ ਕੋਠੇ ਪਾ ਆਵੀਂ
ਮੇਰੀ ਅੱਖ ਲੱਗ ਗਈ ਤਾਂ ਜਗਾਵੀਂ ਨਾ
ਸਬਜ਼ੀ ਨੂੰ ਤੜਕਾ ਲਾ ਜਾਵੀਂ
ਮੈਂ ਸ਼ਾਮੀਂ ਵੀ ਕਰਨਾ ਹੈ ਯੋਗਾ।"

–

## ਸੰਭਾਲ

ਦੋਸਤ
ਸੰਭਾਲਣਾ ਏ
ਤਾਂ ਸੰਭਾਲ ਲੈ
ਨੰਨ੍ਹੀਆਂ ਮੁਸਕਾਨਾਂ
ਜਵਾਨੀ ਦੇ ਵਲਵਲੇ
ਬਜ਼ੁਰਗਾਂ ਦੀਆਂ ਅਸੀਸਾਂ
ਕੁਦਰਤੀ ਸਰਮਾਏ ਸੰਭਾਲ ਲੈ
ਧਰਤ ਸਵਰਗ ਬਣ ਜਾਵੇਗੀ।
ਲਾਲਚਾਂ ਵੱਸ ਪੈ, ਹੱਥਕੰਡੇ ਵਰਤ
ਸੰਭਾਲੀ ਜੇ ਮਾਇਆ
ਕੰਡੇ ਹੀ ਬੀਜੇਂਗਾ
ਧਰਤ ਨਰਕ ਬਣ ਜਾਵੇਗੀ।

–

## ਲਾਹਨਤ

ਸਬਰ ਪੈਮਾਨਾ ਭਰ ਗਿਆ ਏ
ਸ਼ਾਂਤੀ ਦੇ ਦੂਤ ਬੇਬਸ ਨੇ ਕਹਿਣ ਲਈ
ਮਨੁੱਖਤਾ ਦੇ ਮੱਥੇ ਤੇ ਕਲੰਕ ਤੁਸੀਂ
ਬੀ ਨਾਸ਼ ਹੋਵੇ ਤੁਹਾਡਾ
ਨਰਕਾਂ ਵਿਚ ਜਾਵੋ ਧੱਕੇ
ਸ਼ਰਮ ਕਰੋ ਮਾਨਵਤਾ ਦੇ ਕਾਤਲੋ
ਕਿਉਂ ਬੇਗੁਨਾਹਾਂ ਦਾ ਖ਼ੂਨ ਵਹਾ ਰਹੇ।

ਧਰਮਾਂ, ਜ਼ਾਤਾਂ, ਸਰਹੱਦਾਂ ਦੀਆਂ ਪਾ ਵੰਡੀਆਂ
ਤੁਹਾਡੀ ਵਹਿਸ਼ਤ ਨਾ ਹੋਈ ਮੱਠੀ
ਨਿੱਤ ਨਵੀਆਂ ਸ਼ੈਤਾਨੀ ਚਾਲਾਂ ਚੱਲ
ਈਰਖਾ, ਵੈਰ-ਵਿਰੋਧ, ਨਫ਼ਰਤਾਂ ਦੀ ਅੱਗ ਫੈਲਾ ਰਿਹਾ।

ਨੰਨ੍ਹੇ ਬੱਚਿਆਂ ਨੂੰ ਕਰਦੇ ਯਤੀਮ
ਕਿਤੇ ਭੈਣਾਂ ਦੇ ਭਰਾ ਖੁੱਸੇ ਸੁਹਾਗ ਉਜਾੜਤੇ
ਕਿਤੇ ਮਾਤਾ ਪਿਤਾ ਦੇ ਸੁਪਨੇ ਚੂਰ ਚੂਰ ਕੀਤੇ
ਸਭੇ ਵਿਲਕਦੇ ਕੁਰਲਾਉਂਦੇ ਦੇਣ ਬਦਅਸੀਸਾਂ
ਬੇੜਾ ਗ਼ਰਕ ਹੋਵੇ ਤੁਹਾਡਾ
ਰਹੇ ਨਾ ਜੱਗ 'ਤੇ ਤੁਹਾਡਾ ਕੋਈ ਨਾਂ-ਲੇਵਾ।
ਤੁਸੀਂ ਕਿਸ ਧਰਮ ਦੇ ਅਨੁਯਾਈ ਹੋ ?
ਤੁਹਾਡੇ ਮੁਹੰਮਦ
ਤੁਹਾਡੇ ਨਾਨਕ
ਤੁਹਾਡੇ ਕ੍ਰਿਸ਼ਨ
ਤੁਹਾਡੇ ਯਿਸੂ
ਕੀ ਤੁਹਾਨੂੰ ਇਹ ਉਪਦੇਸ਼ ਦਿੱਤਾ
ਬੇਗੁਨਾਹਾਂ ਦੇ ਖ਼ੂਨਾਂ ਸੰਗ ਖੇਡੋ ਹੋਲੀ।
ਧਰਮਾਂ ਦੇ ਨਾਂ 'ਤੇ ਕਾਲਖ ਪੋਤ
ਤੁਸੀਂ ਕਿਸੇ ਸ਼ੈਤਾਨ ਦਾ ਧਰਮ ਫੈਲਾ ਰਹੇ
ਕੋਈ ਰੱਬ ਦਾ ਪਿਆਰਾ ਨਾ ਕਰੇ
ਘਿਨਾਉਣੇ ਮਨੁੱਖਤਾ ਤੋਂ ਗਿਰੇ ਕਾਰੇ
ਸ਼ੈਤਾਨ ਦੇ ਚੇਲੇ ਤੁਸੀਂ
ਤਾਂਡਵ ਨਾਚ ਨੱਚਦੇ
ਕਦੇ ਬੰਬੇ, ਕਦੇ ਸ੍ਰੀਨਗਰ, ਗੋਦਰਾ
ਕਦੇ ਮਹਿਰਾਣਾ ਵਿਚ।

ਲਾਹਨਤ ਹੈ ਤੁਹਾਡੇ ਮਜ਼੍ਹਬੀ ਜਨੂੰਨ 'ਤੇ
ਨਿੱਤ ਮਨੁੱਖਤਾ ਦਾ ਘਾਣ ਕਰ ਰਹੇ
ਜਾਓ ਲੱਭੋ ਨਰਕਾਂ ਵਿਚ ਆਪਣੀ ਥਾਂ
ਕਿਉਂ ਧਰਤੀ ਨੂੰ ਨਰਕ ਬਣਾ ਰਹੇ।

–

## ਕੁਦਰਤ-ਕਵੀ

ਕਵੀ ਕੁਦਰਤ ਦੇ ਪਿਆਰੇ ਹੁੰਦੇ
ਹੋਣ ਵੀ ਕਿਉਂ ਨਾ
ਕੁਦਰਤ ਸ੍ਰਿਸ਼ਟੀ ਦੀ ਜਨਣੀ
ਜੀਵਨ ਜਾਚ ਸਿਖਾਵੇ
ਸਿਰਜਣਾ ਕਿਵੇਂ ਹੁੰਦੀ ਏ ?
ਇਹ ਰਾਜ਼ ਸਮਝਾਵੇ ਪਿਆਰ ਗਲਵਕੜੀ 'ਚ ਲਵੇ ਕੁਦਰਤ ਜਦੋਂ
ਕਵੀ ਤੇ ਕੁਦਰਤ ਇਕਮਿਕ ਹੋ ਜਾਵਣ
ਕਵੀ ਦੀ ਕਲਮ ਆਪ-ਮੁਹਾਰੇ ਉਕਰੇ ਅੱਖਰ।

–

## ਬੱਚਾ / ਪੌਦਾ

ਪੌਦਾ ਬੱਚਾ ਇਕ ਸਮਾਨ
ਦੋਵੇਂ ਸ੍ਰਿਸ਼ਟੀ ਦੇ ਰਥਵਾਨ
ਇਕ ਨੰਨ੍ਹਾ ਪੌਦਾ ਬ੍ਰਿਖ ਬਣ ਜਾਵੇ
ਧਰਤੀ 'ਤੇ ਖ਼ੁਸ਼ਹਾਲੀ ਲੁਟਾਵੇ।
ਇਕ ਨੰਨ੍ਹਾ ਬੱਚਾ ਮਨੁੱਖ ਬਣ ਜਾਵੇ
ਧਰਤੀ 'ਤੇ ਪ੍ਰਦੂਸ਼ਣ ਫੈਲਾਵੇ।
ਦੋਵਾਂ ਦੇ ਨੇ ਕਿਉਂ ਅਲੱਗ ਵਰਤਾਰੇ
ਗੌਰ ਕਰੋ ਮੇਰੇ ਪਿਆਰੇ।
ਨੰਨ੍ਹੇ ਪੌਦੇ ਦੀ ਕੁਦਰਤ ਕਰੇ ਅਗਵਾਈ
ਜਾਵੇ ਆਪਣਾ ਫ਼ਰਜ਼ ਨਿਭਾਈ।
ਨੰਨ੍ਹੇ ਬੱਚੇ ਦੇ ਰਖਵਾਲੇ ਮਨੁੱਖ
ਸਿਖਾਵਣ ਨਾ ਜੀਵਨ ਜਾਚ ਮਨੁੱਖ।

–

## ਸੁਨਹਿਰੇ ਸੁਪਨੇ

ਸੁਨਹਿਰੇ ਸੁਪਨੇ ਵੇਖੋ ਸੁਪਨੇ ਵੇਖੋ
ਸੁਪਨੇ ਸੱਚ ਹੋ ਜਾਂਦੇ ਸਾਥੀਓ
ਸੁਪਨਿਆਂ 'ਤੇ ਰੋਟੀ ਨਾ ਹੋਵੇ ਹਾਵੀ
ਸੁਪਨੇ ਕਰਨ ਸੱਚੀ ਅਗਵਾਈ
ਮੈਂ ਸਹਿਮਤ ਹਾਂ ਤੁਹਾਡੇ ਨਾਲ
ਕਿਰਤੀ ਕਿਸਾਨ ਦੇ ਘਰ ਗ਼ਮਾਂ ਦੀ ਬਾਤ ਸਾਥੀਓ।
ਮਰਨ ਨਾ ਦੇਣਾ ਮਨ ਦੇ ਸੁਪਨੇ ਮਨ ਦੇ ਚਾਅ
ਮਰ ਜਾਇਓ ਭਾਵੇਂ ਸਾਥੀਓ
ਜੀਵਨ ਦੇ ਰਾਹਾਂ 'ਤੇ ਸੁਪਨੇ ਨੇ ਤੁਰਦੇ ਸਾਥੀਓ
ਦੁੱਖ ਸੁੱਖ ਸਭ ਸਹਿ ਅੱਗੇ ਵਧਦੇ ਰਹਿਣਾ ਸਾਥੀਓ।
ਇਕ ਦਿਨ ਜ਼ਰੂਰ ਸੱਚ ਹੋਣਗੇ ਖ਼ੁਸ਼ਹਾਲੀ ਦੇ ਸੁਪਨੇ
ਸੋਹਣੇ ਸੁਪਨੇ ਵੇਖਣੇ ਨਾ ਛੱਡਿਓ ਸਾਥੀਓ
ਕਰਾਂਗੇ ਸਰਸਬਜ਼ ਇਸੇ ਧਰਤ ਨੂੰ
ਸਾਂਝੀਵਾਲਤਾ ਦੀ ਖੇਤੀ ਕਰਾਂਗੇ ਇਸ ਧਰਤ 'ਤੇ ਸਾਥੀਓ
ਸੁਨਹਿਰੇ ਸੁਪਨੇ ਵੇਖੋ ਸੁਪਨੇ ਵੇਖੋ
ਸੁਪਨੇ ਵੇਖਣੇ ਨਾ ਛੱਡਿਓ ਸਾਥੀਓ
ਜੀਵਨ ਦੇ ਰਾਹ 'ਤੇ ਆਵਣ ਲੱਖ ਦੁਸ਼ਵਾਰੀਆਂ
ਹਰ ਇਕ ਨਾਲ ਲੋਹਾ ਲੈ ਵਧਦੇ ਰਹਿਣਾ ਸਾਥੀਓ
ਮਰਨ ਨਾ ਦੇਣਾ ਸੁਪਨੇ, ਮਰਨ ਨਾ ਦੇਣਾ ਚਾਅ
ਸੁਨਹਿਰੇ ਸੁਪਨਿਆਂ ਲਈ
ਆਪਾ ਵਾਰ ਦੇਣਾ ਮੇਰੇ ਸਾਥੀਓ।

–

## ਗੰਦਗੀ

ਹਰ ਕੋਈ ਗੰਦਗੀ ਨੂੰ ਨਫ਼ਰਤ ਕਰੇ
ਦੂਰ ਦੌੜਦਾ ਹਰ ਕੋਈ ਗੰਦਗੀ ਤੋਂ
ਗੰਦਗੀ ਤੋਂ ਦੌੜਨਾ ਦੂਰ ਰਹਿਣਾ
ਗੰਦਗੀ ਤੋਂ ਬਚਾਓ ਨਹੀਂ।
ਗੰਦਗੀ ਲੱਭੋ, ਗੰਦਗੀ ਸਾਫ਼ ਕਰੋ
ਗੰਦਗੀ ਬਾਹਰ ਵੀ ਮਾੜੀ
ਗੰਦਗੀ ਤੁਹਾਡੇ ਅੰਦਰ ਵੀ ਮਾੜੀ
ਗੰਦਗੀ ਨੂੰ ਨਫ਼ਰਤ ਨਾ ਕਰੋ
ਗੰਦਗੀ ਤੁਰੰਤ ਸਾਫ਼ ਕਰੋ
ਗੰਦਗੀ ਨਹੀਂ ਵਧੇਗੀ।

–

## ਸੁਪਨਿਆਂ ਦਾ ਸੱਚ

ਹਰ ਜੀਵ ਵੇਖੇ ਸੁਪਨੇ
ਦਿਲ ਬਹਿਲਾਉਣ ਲਈ ਜ਼ਰੂਰੀ ਨੇ ਸੁਪਨੇ
ਬਚਪਨ ਤੋਂ ਜਵਾਨੀ ਤਕ ਬਹੁਤ ਵੇਖੇ ਸਨ
ਹੁਸੀਨ, ਖ਼ੁਸ਼ਹਾਲ, ਉੱਜਲ ਭਵਿੱਖ ਦੇ ਸੁਪਨੇ।
ਜਿੱਲਤਾਂ ਭਰੇ ਸਮਾਜ ਵਿਚ
ਕੁਝ ਵਕਤ ਨਾ ਰੱਖਣ ਸੁਪਨੇ।
ਰੋਜ਼ੀ ਰੋਟੀ ਤੇ ਕਾਬਜ਼ ਜਰਵਾਣੇ,
ਕੁਚਲ ਦੇਵਣ ਸਭ ਸੁਪਨੇ।
ਸਰਮਾਏਦਾਰੀ ਦੇ ਜਾਲ ਡਾਢੇ
ਛਟਪਟਾ ਮਰ ਜਾਵਣ ਸੁਪਨੇ।
ਡਾਢਿਆਂ ਦਾ ਹੁੰਦਾ ਸੱਤੀਂ ਵੀਹੀਂ ਸੌ,
ਜਾਬਰਾਂ ਦੇ ਕਬਜ਼ੇ 'ਚਸਾਡੇ ਸੁਪਨੇ।
ਕਿਰਤੀ ਕਿਸਾਨ ਲੋਚੇ ਖ਼ੁਸ਼ਹਾਲ ਜੀਵਨ
ਕਦੋਂ ਸਾਕਾਰ ਹੋਣਗੇ ਸੁਪਨੇ।
ਧਰਮਾਂ ਜਾਤਾਂ ਬੋਲੀਆਂ ਦੀ ਪਾ ਵੰਡੀ
ਸ਼ਾਸਕ ਕੁਚਲ ਦੇਣ ਸਭ ਸੁਪਨੇ।
ਸਮੇਂ ਦੇ ਖ਼ੁਦਗ਼ਰਜ਼ ਸੌਦਾਗਰ
ਨਿਲਾਮ ਕਰ ਦੇਵਣ ਸਭ ਸੁਪਨੇ।
ਗੁਰੂਆਂ, ਪੀਰਾਂ, ਪੈਗ਼ੰਬਰਾਂ ਵੀ ਵੇਖੇ ਸਨ
ਹੱਕ, ਸੱਚ, ਕਿਰਤ ਕਮਾਈ ਸਾਂਝੀਵਾਲਤਾ ਦੇ ਸੁਪਨੇ।
ਇਤਿਹਾਸ ਗਵਾਹ ਹੈ
ਸ਼ੈਤਾਨ ਹਮੇਸ਼ਾ ਕੁਚਲਦੇ ਰਹੇ ਨੇ ਸੁਪਨੇ।

–

## ਚੂਹੀ/ਸਾਮਰਾਜ

ਅੱਜ ਫਿਰ ਦੌੜਦੀ ਫਿਰਦੀ ਏ
ਮੇਰੇ ਘਰ ਅੰਦਰ
ਇਕ ਨੰਨ੍ਹੀ ਚੁਸਤ ਲਿਸ਼ਕਦੀ ਚੂਹੀ
ਖਾਂਦੀ ਫਿਰੇ ਮਨ-ਭਾਉਂਦਾ
ਹਰ ਕੋਨੇ ਦੀ ਲੈਂਦੀ ਤਲਾਸ਼ੀ
ਪਾਉਂਦੀ ਫਿਰੇ ਲੁੱਡੀਆਂ
ਜਿਵੇਂ ਜੰਨਤ ਥਿਆਈ ਹੋਵੇ।

ਮੈਂ ਚੌਕੰਨਾ ਹੋ ਜਾਂਦਾ ਹਾਂ
ਤਾਕਤਵਰ ਸਾਮਰਾਜੀ ਸ਼ਾਸਕ ਵਾਂਗ
ਤੇ ਸੋਚਦਾ ਹਾਂ ਕੋਈ ਤਰੀਕਾ
ਕਿਵੇਂ ਟਿਕਾਣੇ ਲਾਉਣਾ
ਇਸ ਬਿਨਾ-ਬੁਲਾਏ ਮਹਿਮਾਨ ਨੂੰ।

ਬੇਸਮਝ ਚੂਹੀ ਕਰ ਦੇਵੇਗੀ ਸਤਿਆਨਾਸ
ਮੇਰਾ ਕੋਈ ਕੀਮਤੀ ਸਮਾਨ
ਝਟ ਲਾਉਂਦਾ ਹਾਂ ਕੁੜਿੱਕੀ ਵਿਚ ਰੋਟੀ
ਤੇ ਰੱਖ ਦਿੰਦਾ ਹਾਂ ਇਕਾਂਤ ਕੋਨੇ ਵਿਚ।

ਕੁਝ ਘੰਟਿਆਂ ਬਾਅਦ ਵੇਖਦਾ ਹਾਂ
ਕੁੜਿੱਕੀ ਵਿਚ ਛਟਪਟਾਉਂਦੀ ਚੂਹੀ
ਰੋਟੀ ਨਾ ਖਾਵੇ ਤਰਲੋਮੱਛੀ ਹੋਵੇ
ਕਾਹਲੀ ਹੈ ਕਿਵੇਂ ਬਾਹਰ ਨਿਕਲੇ
ਦੌੜਦੀ ਹੈ ਇਧਰ ਉਧਰ

ਕਦੇ ਲੋਹੇ ਦੀਆਂ ਤਾਰਾਂ ਨੂੰ ਟੁੱਕਦੀ ਕਦੇ ਪੰਜੇ ਮਾਰੇ
ਕਦੇ ਸ਼ਹਿ ਕੇ ਦੁਬਕ ਬੈਠ ਜਾਵੇ
ਲੱਗਦਾ ਜਿਵੇਂ ਅਰਦਾਸ ਕਰ ਰਹੀ ਹੋਵੇ
'ਰੱਬਾ ਮੈਨੂੰ ਆਜ਼ਾਦ ਕਰ ਦੇ
ਮੁੜ ਨਹੀਂ ਆਉਂਦੀ ਮੈਂ ਇਸ ਬਸਤੀ'।

ਮੈਂ ਇਕ ਜੇਤੂ ਵਾਂਗ ਖ਼ੁਸ਼ ਹਾਂ
ਤਸੱਲੀ ਹੈ ਆਪਣੇ ਪਕੜੇ ਸ਼ਿਕਾਰ 'ਤੇ
ਬਾਲਟੀ ਵਿਚ ਰੱਖਦਾ ਹਾਂ ਕੁੜਿੱਕੀ
ਤੇ ਛੱਡ ਦਿੰਦਾ ਹਾਂ ਪਾਣੀ ਦੀ ਟੂਟੀ।

ਘਰ ਵਾਲੀ ਵਾਰ-ਵਾਰ ਕਹਿੰਦੀ ਏ
ਬੇਟਾ ਵੀ ਵਾਸਤੇ ਪਾਉਂਦਾ ਏ
ਬਾਹਰ ਛੱਡ ਆਉ
ਕਿਉਂ ਮਾਰਦੇ ਹੋ ਰੱਬ ਦਾ ਜੀਵ।

ਮੈਂ ਇਕ ਨਹੀਂ ਸੁਣਦਾ
ਬਜ਼ਿੱਦ ਹਾਂ ਆਪਣੇ ਫ਼ੈਸਲੇ 'ਤੇ
ਕੋਰਾ ਜਵਾਬ ਦਿੰਦਾ ਹਾਂ
ਮੈਂ ਕਿਸੇ ਦੇ ਘਰ ਨਹੀਂ ਵਾੜ ਸਕਦਾ
ਆਪਣੇ ਘਰ ਦੀ ਮੁਸੀਬਤ।

ਪਾਣੀ ਬਾਲਟੀ ਵਿਚ ਉਪਰ ਚੜ ਜਾਂਦਾ ਹੈ
ਚੂਹੀ ਹੋਰ ਤੇਜ਼ੀ ਨਾਲ ਛਟਪਟਾਉਂਦੀ ਹੈ
ਹੋ ਜਾਵੇ ਕਿਸੇ ਤਰ੍ਹਾਂ ਆਜ਼ਾਦ
ਪੂਰਾ ਤਾਣ ਲਾਉਂਦੀ ਹੈ।

ਵੇਖਦਾ ਹਾਂ ਜੀਵਨ ਤੇ ਮੌਤ ਦਾ ਸੰਘਰਸ਼
ਆਖ਼ਰ ਦੋ ਬੁਲਬੁਲੇ ਹਵਾ ਦੇ
ਪਾਣੀ ਤੋਂ ਬਾਹਰ ਆਉਂਦੇ ਨੇ

ਚੂਹੀ ਛਟਪਟਾ ਕੇ ਸ਼ਾਂਤ ਹੋ ਜਾਂਦੀ ਹੈ
ਹਾਰ ਜਾਂਦੀ ਹੈ ਜ਼ਿੰਦਗੀ ਦੀ ਜੰਗ
ਮੌਤ ਨੂੰ ਗਲੇ ਲਗਾਉਂਦੀ ਹੈ।

ਮੈਂ ਬਿਨਾਂ ਕਿਸੇ ਗੁਨਾਹ ਦੇ ਅਹਿਸਾਸ ਤੋਂ
ਇਕ ਜੀਵ ਦੀ ਕਰ ਦਿੰਦਾ ਹਾਂ ਹੱਤਿਆ
ਪਰ ਅਚੇਤ ਮਨ ਮਹਿਸੂਸ ਕਰਦਾ ਹਾਂ
ਆਪਣੇ ਅੰਦਰ ਬੈਠਾ ਸਾਮਰਾਜੀ ਸ਼ਾਸਕ
ਜੋ ਹਮੇਸ਼ਾ ਅਲਾਨ ਕਰਦਾ ਹੈ
ਹਰ ਜੀਵ ਦਾ ਹੋਵੇਗਾ ਚੂਹੀ ਵਾਲਾ ਹਸ਼ਰ
ਜੇ ਮੇਰੀ ਮਰਜ਼ੀ ਵਿਰੁੱਧ ਹੋਵੇਗਾ
ਮੇਰੇ ਸਾਮਰਾਜ ਵਿਚ ਦਾਖ਼ਲ।

–

## ਕਰਮ-ਭੂਮੀ (ਧਰਤੀ)

ਮੈਂ ਧਰਤੀ ਤੁਹਾਡੀ ਮਾਂ
ਮੈਂ ਕਰਮ-ਭੂਮੀ ਹਾਂ ਤੁਹਾਡੀ
ਮੇਰੇ ਵਿਚੋਂ ਉਪਜੇ ਜੀਵੋ
ਜੀਵਨ ਦਾ ਤੁਹਾਨੂੰ ਹੱਕ ਦਿਤਾ ਹੈ
ਜੋ ਚਾਹੋ ਕਰਮ ਕਮਾਵੋ।
ਚਾਹੋ ਤਾਂ ਧਰਤ 'ਤੇ ਖ਼ੁਸ਼ੀਆਂ ਖੇੜੇ ਬਖੇਰੋ
ਚਾਹੋ ਤਾਂ ਧਰਤ 'ਤੇ ਰਾਮ ਰਾਜ ਪਸਾਰੋ
ਚਾਹੋ ਤਾਂ ਧਰਤ 'ਤੇ ਰਾਵਣ ਰਾਜ ਉਸਾਰੋ
ਚਾਹੋ ਤਾਂ ਭੁੱਖ ਕੰਗਾਲੀ ਵਧਾਵੋ।
ਚਾਹੋ ਤਾਂ ਸਾਂਝੀਵਾਲਤਾ ਅਪਣਾਵੋ
ਮੈਂ ਤਾਂ ਉਪਜੇ ਨੇ ਸਭ ਇਕਸਾਰ
ਤੁਹਾਡੇ ਪੰਜ ਦੂਤਾਂ ਦੇ ਤੁਸੀਂ ਮਾਲਕ
ਇਹ ਤੁਹਾਡੀ ਚੋਣ ਏ
ਤੁਸੀਂ ਧਰਤ 'ਤੇ ਕੀ ਫੈਲਾਉਣਾ ਏ।
ਮੈਂ ਕਰਮ-ਭੂਮੀ ਹਾਂ ਤੁਹਾਡੀ
ਕੁਝ ਹੋਸ਼ ਨਾਲ ਜੀਓ
ਲਾਲਚ ਵੱਸ ਪੈ ਨਾ ਕਬਜ਼ੇ ਵਧਾਵੋ
ਵੰਡ ਛਕੋ, ਸੁੱਚੀ ਕਿਰਤ ਕਰ ਜੀਵਨ ਬਿਤਾਵੋ
ਸੰਭਵ ਨਹੀਂ ਇਥੋਂ ਕੁਝ ਤੁਸੀਂ ਲੈ ਜਾਵੋ
ਕਿਉਂ ਦੂਜਿਆਂ ਦੀ ਬੁਰਕੀ ਖੋਹ ਪਾਪ ਕਮਾਵੋ
ਇਹ ਲੁੱਟ, ਖੋਹ ਕਬਜ਼ੇ ਜੰਗਾਂ ਦੇ ਕਾਰਣ
ਮੈਂ ਕਰਮ-ਭੂਮੀ ਬਣੀ ਹਾਂ ਰਣ-ਭੂਮੀ
ਮੈਂ ਵਾਰ-ਵਾਰ ਕਹਿੰਦਾ ਹਾਂ ਦੁਲਾਰਿਓ
ਮੈਂ ਕਰਮ-ਭੂਮੀ ਹਾਂ
ਚੰਗੇ ਕਰਮ ਕਮਾਵੋ
ਧਰਤ ਸਭ ਲਈ ਖ਼ੁਸ਼ਹਾਲ ਬਣਾਵੋ
ਨਾ ਕਰੋ ਬਾਰੂਦ ਦੇ ਢੇਰਾਂ 'ਚ ਵਾਧੇ
ਚਾਲਾਕੀਆਂ ਨਾਲ ਨਾ ਸੱਚ ਨੁੱਕਰੇ ਲਾਵੋ।
ਮੈਂ ਪ੍ਰੇਸ਼ਾਨ ਹਾਂ
ਸ਼ੈਤਾਨਾਂ ਦੀ ਚੌਧਰ ਵਧ ਗਈ ਏ
ਧਰਤੀ ਦਾ ਸੰਤੁਲਨ ਵਿਗੜ ਗਿਆ ਏ
ਸੰਭਲਣਾ ਹੈ ਤਾਂ ਦੁਲਾਰਿਓ ਸੰਭਲ ਜਾਵੋ
ਨਹੀਂ ਤਾਂ ਫਿਰ ਤਿਆਰ ਹੋ ਜਾਵੋ
ਤੁਸੀਂ ਪਰਲੋ ਵੱਲ ਵਧਦੇ ਜਾ ਰਹੇ।

–

## ਭਗਵਾਨ ਦੀ ਸਿਰਜਣਾ

ਇਸ ਧਰਤ ਦੇ ਲੋਕ ਸਿਰਜਦੇ
ਖ਼ੁਦ ਆਪਣੇ ਭਗਵਾਨ
ਪਹਿਲਾਂ ਅੰਤਾਂ ਦੇ ਜ਼ੁਲਮ ਢਾਹੁੰਦੇ
ਰੂਹ ਕੰਬ ਜਾਵੇ ਸੱਚੇ ਇਨਸਾਨਾਂ ਦੀ
ਕਦੇ ਸੱਚ ਨੂੰ ਸਲੀਬੀਂ ਚੜ੍ਹਾਉਂਦੇ
ਕਦੇ ਤੱਤੀ ਤਵੀ 'ਤੇ ਬਿਠਾਉਂਦੇ
ਕਦੇ ਪੋਟਾ-ਪੋਟਾ ਨੇ ਟੁੱਕਦੇ
ਕਦੇ ਫ਼ਾਂਸੀਆਂ 'ਤੇ ਲਟਕਾਉਂਦੇ
ਕਦੇ ਜ਼ਹਿਰ ਪਿਆਲੇ ਪਿਆਉਂਦੇ
ਤੇ ਫਿਰ ਪੂਜਦੇ ਨੇ
ਆਪੇ ਸ਼ਹੀਦ ਕੀਤੇ ਭਗਵਾਨਾਂ ਨੂੰ
ਇਸ ਧਰਤ ਦੇ ਖ਼ੁਦਗ਼ਰਜ਼ ਲੋਕ
ਸਿਰਜ ਲੈਂਦੇ ਨੇ ਇਕ ਨਵਾਂ ਅਵਤਾਰ।

–

## ਕੀ ਰੱਬ ਵਿਕਾਊ ਹੈ ?

ਰੱਬ ਦੀਆਂ ਰਹਿਮਤਾਂ ਖ਼ਰੀਦਣ ਸਰਮਾਏਦਾਰ
ਕਰੋੜਾਂ ਦੇ ਚੜ੍ਹਾਵੇ ਚੜ੍ਹਾਉਂਦੇ
ਵੱਸ ਕਰ ਲੈਂਦੇ ਨੇ
ਹੋਣੀਆਂ ਅਣਹੋਣੀਆਂ
ਕੀ ਇਹ ਸਭ ਸੱਚ ਏ ?

ਕੀ ਰੱਬ (ਕੁਦਰਤ) ਦੀ ਮਰਜ਼ੀ ਖ਼ਰੀਦੀ ਜਾ ਸਕਦੀ
ਅਰਦਾਸਾਂ ਚੜ੍ਹਾਵਿਆਂ ਨਾਲ
ਧਰਮ ਦੇ ਠੇਕੇਦਾਰਾਂ ਪਾਏ ਭੁਲੇਖੇ
ਰੱਬ ਵਿਕਾਊ ਹੈ।
ਖ਼ੁਸ਼ ਹੋ ਜਾਂਦਾ ਏ ਚੜ੍ਹਾਵਿਆਂ ਨਾਲ
ਆਪਣੇ ਹਲਵੇ ਮੰਡੇ ਦਾ ਜੁਗਾੜ ਕਰਦੇ
ਬਹੁਤ ਸਤਿਕਾਰਦੇ ਦੁਲਾਰਦੇ ਨੇ ਦਾਨੀਆਂ ਨੂੰ
ਕੀ ਰੱਬ ਕਪਟੀ ਕਾਰੋਬਾਰੀ ਏ ?
ਵਿਕ ਜਾਏਗਾ ਤੁਹਾਡੇ ਚੜ੍ਹਾਵਿਆਂ ਅੱਗੇ
ਮਜ਼ਲੂਮ ਮਾਸੂਮਾਂ ਦੇ ਮੂੰਹੋਂ ਖੋਹੀ ਬੁਰਕੀ
ਦੌਲਤ ਦੇ ਅੰਬਾਰ ਲਾਉਂਦੇ ਭਗਵਾਨ ਅੱਗੇ
ਮੈਂ ਬਾਗ਼ੀ ਹਾਂ ਅਜਿਹੇ ਰੱਬ ਤੋਂ
ਅਜਿਹੇ ਰੱਬ ਨੂੰ ਮੰਨਣ ਵਾਲਿਆਂ ਤੋਂ
ਕੀ ਰੱਬ ਵਿਕਾਊ ਹੈ ?

–

## ਬੁਕੇ (ਗੁਲਦਸਤਾ)

ਇਕ ਫੁੱਲ ਦੀ ਭੇਂਟ ਹੀ ਬਹੁਤ ਏ
ਕਿਸੇ ਦੇ ਪਿਆਰ ਸਤਿਕਾਰ, ਮਾਨ-ਸਨਮਾਨ ਲਈ
ਆਪਣੀਆਂ ਭਾਵਨਾਵਾਂ ਦੇ ਇਜ਼ਹਾਰ ਲਈ
ਇਕ ਬੁਕੇ ਤਾਂ ਅਮੁੱਲ ਭੇਟ ਹੈ
ਜਿਸ ਦਾ ਨਾ ਕੋਈ ਸਾਨੀ।

ਕੋਮਲ, ਸ਼ੋਖ਼, ਰੰਗਾਂ, ਸੁਗੰਧਾਂ ਨਾਲ ਭਰਪੂਰ ਬੁਕੇ
ਮਾਨ ਸਨਮਾਨ ਵਧਾਏ
ਜਿਨ੍ਹਾਂ ਹੱਥਾਂ ਵਿਚ ਆ ਜਾਵੇ ਬੁਕੇ
ਦੋਵੇਂ ਸਨਮਾਨਿਤ ਹੋ ਜਾਂਦੇ ਨੇ
ਬੁਕੇ ਦੇਣ ਤੇ ਲੈਣ ਵਾਲਾ।

ਆਉ ਅਹਿਸਮਾਨਮੰਦ ਹੋਈਏ ਫੁੱਲਾਂ ਦੇ
ਜਿਨ੍ਹਾਂ ਦੀ ਕੁਰਬਾਨੀ ਨਾਲ ਬਣੇ ਬੁਕੇ
ਬੁਕੇ ਸੁਨੇਹਾ ਦੇਵਣ
ਮਾਨ-ਸਨਮਾਨ ਵਧਦੇ ਤੇ ਵਧਾਏ ਜਾਂਦੇ
ਕੁਰਬਾਨੀਆਂ ਨਾਲ ਕੋਮਲ ਨਿਸ਼ਾਨੀਆਂ ਨਾਲ
ਬੁਕੇ ਮੈਂ ਸੀਸ ਨਿਵਾਵਾਂ
ਤੇਰੀ ਮਹਾਨ ਕੁਰਬਾਨੀ ’ਤੇ।

–

## ਫ਼ੌਜੀ ਤੇ ਕਵੀ

ਫ਼ੌਜੀ ਜਰਨੈਲਾਂ ਦੀ ਤਾਕਤ ਭੈੜੀ ਸੋਚ
ਤਹਿਸ ਨਹਿਸ ਕਰ ਸਕਦੀ ਗਵਾਂਢੀ ਦਾ ਘਰ
ਸਾਹਿਤਕਾਰਾਂ ਦੀ ਸੁੱਚੀ ਸੋਚ
ਸੁਪਨੇ ਵੇਖਣ, ਧਰਤ ਸਭ ਲਈ ਖ਼ੁਸ਼ਹਾਲ ਬਣੇ
ਜਰਨੈਲ ਵੇਖਣ ਤਬਾਹੀ ਦੇ ਸੁਪਨੇ
ਕਵੀ ਵੇਖੇ ਦਿਲਕਸ਼ ਸੁੰਦਰ ਸੰਸਾਰ ਦੇ ਸੁਪਨੇ
ਜਰਵਾਣੇ ਕਰਨ ਜਰਨੈਲਾਂ ਦੀ ਅਗਵਾਈ
ਧਰਤ ’ਤੇ ਵੰਡੀਆਂ ਜਾਵਣ ਪਾਈ
ਟੁਕੜੇ-ਟੁਕੜੇ ਕੀਤੀ ਮਨੁੱਖਤਾ
ਕਵੀ ਹਰ ਯਤਨ ਕਰ ਬਚਾਵੇ ਮਨੁੱਖਤਾ
ਅਮਨ ਵਿਸ਼ਵ ਭਾਈਚਾਰੇ ਦੀ ਗੱਲ ਦੁਹਰਾਵੇ ਕਵੀ।

–

# ਸੜਕ ਤੇ ਸਭਿਆਚਾਰ

ਘਰੋਂ ਨਿਕਲਦਾ ਹਾਂ
ਰੋਜ਼ੀ ਕਮਾਉਣ ਲਈ
ਸੜਕ ਤੇ ਆਣ ਚੜ੍ਹਦਾ ਹਾਂ
ਸ਼ਾਮਲ ਹੋ ਜਾਂਦਾ ਹਾਂ
ਜ਼ਿੰਦਗੀ ਦੀ ਦੌੜ ਵਿਚ
ਹਰ ਇਕ ਨੂੰ ਕਾਹਲ ਏ
ਅੱਗੇ ਲੰਘ ਜਾਈਏ
ਦੂਸਰਿਆਂ ਨੂੰ ਲਿਤਾੜ ਕੇ ਪਛਾੜ ਕੇ।
ਸਮੁੱਚਾ ਸਭਿਆਚਾਰ ਪਸਰ ਜਾਂਦਾ ਏ
ਉੱਬੜ ਖਾਬੜ ਸੜਕ 'ਤੇ
ਸਫ਼ਰ ਵਿਚ ਸ਼ਾਮਲ ਨੇ ਸਭੇ
ਕੁਝ ਮੁਰਝਾਏ ਸਹਿਮੇ ਚਿਹਰੇ
ਕੁਝ ਲਾਚਾਰ ਬੇਜ਼ਾਰ ਚਿਹਰੇ
ਕੁਝ ਚਮਕਦੇ ਦਮਕਦੇ ਚਿਹਰੇ
ਕੁਝ ਹੰਕਾਰੀ ਖ਼ੂੰਖ਼ਾਰ ਚਿਹਰੇ
ਕੁਝ ਸਭਿਅ ਸੁਲਝੇ ਸਾਊ ਚਿਹਰੇ
ਕੁਝ ਮਾਸੂਮ ਨਿਰਛਲ ਚਿਹਰੇ
ਕੁਝ ਕਮਜ਼ੋਰ ਬਜ਼ੁਰਗ ਚਿਹਰੇ
ਸਭ ਇਕ ਦੂਜੇ ਵੱਲ ਘੂਰਦੇ
ਇਕ ਦੂਜੇ ਨੂੰ ਧੱਕਦੇ ਸੁੱਟਦੇ ਵਧਦੇ ਜਾਵਣ
ਬੇਲਿਹਾਜ਼ੇ, ਬੇਅਸੂਲੇ ਇਨਸਾਨੀਅਤ ਤੋਂ ਕੋਹਾਂ ਦੂਰ
ਵਾਹੋਦਾਹੀ ਦੌੜੀ ਜਾਵਣ
ਜੀਵਨ ਦੀ ਉੱਬੜ ਖਾਬੜ ਸੜਕ 'ਤੇ
ਜੀਵਨ ਪੰਧ ਮੁਕਾਈ ਜਾਵਣ
ਇਕ ਦੂਸਰੇ ਨੂੰ ਕੋਸਦੇ ਖਿਝਦੇ
ਜਾਪਣ ਨਾ ਸਭਿਅ ਹਮਸਫ਼ਰ

ਆਓ ਰਲ ਛੇੜੀਏ
ਖ਼ੁਸ਼ਗਵਾਰ ਸਫ਼ਰ ਦੀ ਗੱਲ!
ਉੱਬੜ ਖਾਬੜ ਰਸਤਿਆਂ
ਸੜਕ ਸੁਧਾਰ ਦੀ ਗੱਲ।
ਮਾਸੂਮ, ਲਾਚਾਰ, ਨਿਰਬਲ ਹਮਸਫ਼ਰ
ਦੇ ਬਚਾਓ ਦੀ ਗੱਲ।
ਖ਼ੂੰਖ਼ਾਰ ਹੰਕਾਰੇ ਹਮਸਫ਼ਰ ਨਾਲ
ਇਨਸਾਨੀਅਤ ਭਾਈਚਾਰੇ ਦੀ ਗੱਲ।
ਆਓ ਸਭ ਰਲ ਯਤਨ ਕਰੀਏ
ਜ਼ਿੰਦਗੀ ਦੀ ਸੜਕ 'ਤੇ
ਸਫ਼ਰ ਕੁਝ ਸੁਹਾਣਾ ਹੋ ਜਾਏ।
–

# ਅੰਮ੍ਰਿਤਸਰ ਸ਼ਹਿਰ ਤੇ ਵਿਰਾਸਤ

ਨਿੱਤ ਹੀ ਭੌਂਦਾ ਹਾਂ
ਬਾਬਾ ਰਾਮਦਾਸ ਤੇਰੇ ਨਗਰ ਵਿਚ
ਅਸ਼-ਅਸ਼ ਕਰਦਾ ਉੱਠਦਾ ਏ ਮਨ
ਤੇਰੀ ਤੇ ਤੇਰੇ ਮੁਰੀਦਾਂ ਦੀ ਸਿਰਜਣਾ ਵੇਖ।
ਬਜ਼ਾਰ ਵਿਚ ਹੀ ਕੀਲ ਕੇ ਖਲਾਰ ਲੈਂਦੇ ਨੇ
ਕਾਰੀਗਰੀ ਦੇ ਹੁਸੀਨ ਦਿਲਕਸ਼ ਨਮੂਨੇ
ਰੀਝਾਂ, ਚਾਵਾਂ, ਸਧਰਾਂ ਨਾਲ ਬਣਾਏ ਸਨ ਜੋ
ਹਵੇਲੀਆਂ, ਅਟਾਰੀਆਂ, ਝਰੋਖੇ, ਡਿਉੜੀਆਂ ਮਹਿਲ ਮੁਨਾਰੇ, ਬੁੰਗੇ।
ਮਨ ਮਸਤਕ ਝੁਕ ਝੁਕ ਕਰਦਾ ਏ ਨਮਸਕਾਰ
ਜਿਨ੍ਹਾਂ ਸਿਰਜੇ ਸਨ ਕਾਰੀਗਰੀ ਦੇ ਅਦਭੁਤ ਨਮੂਨੇ
ਹਰ ਇਮਾਰਤ ਤਾ ਮੂੰਹ ਮੱਥਾ ਸਵਾਰਦੇ ਸਨ ਦੁਲਹਨ ਵਾਂਗ
ਕਿਤੇ ਉਕਰੇ ਨੇ ਸੁੰਦਰ ਵੇਲਾਂ ਬੂਟੇ, ਕਿਤੇ ਚਹਿਚਹਾਉਂਦੇ ਪੰਛੀ
ਕੁਦਰਤ ਦੇ ਦਿਲਕਸ਼ ਨਜ਼ਾਰੇ ਕਿਤੇ ਇਤਿਹਾਸ ਦੇ ਵਰਤਾਰੇ।
ਰੀਝਾਂ ਚਾਵਾਂ ਨਾਲ ਬਣਾਏ ਮਹਿਲ ਮੁਨਾਰੇ
ਅੱਜ ਮਜ਼ਾਕ ਬਣ ਕੇ ਰਹਿ ਗਏ ਸੁਪਨੇ ਬਜ਼ੁਰਗਾਂ ਦੇ ਸਾਰੇ।
ਰੋਜ਼ ਹੀ ਵੇਖਦਾ ਹਾਂ ਭੰਨ-ਤੋੜ ਹੁੰਦੀ ਕਲਾ-ਨਮੂਨਿਆਂ ਦੀ
ਰੋਜ਼ ਹੀ ਵੇਖਦਾ ਹਾਂ ਬਜ਼ੁਰਗਾਂ ਦੇ ਸੁਪਨੇ ਢਹਿ-ਢੇਰੀ ਹੁੰਦੇ।
ਬੇਰਹਿਮ ਸਮਾਂ ਮੂੰਹ ਚਿੜਾਵੇ ਵਿਰਾਸਤ ਦਾ
ਸਮੇਂ ਦੇ ਨਾਲ ਹੀ ਤੁਰ ਗਏ ਕਦਰਦਾਨ ਵਿਰਾਸਤ ਦੇ।
ਬਾਬੇ ਦੀ ਨਗਰੀ ਵਿਚ ਭੌਂਦਾ ਵੇਖਦਾ ਹਾਂ
ਅਨੇਕਾਂ ਖੰਡਰਾਂ ਵਿਚੋਂ ਲੁੱਟੀ ਹੋਈ ਜੰਨਤ ਦੇ ਨਿਸ਼ਾਨ
ਸ਼ਹਿਰ ਦੀ ਕਲਾ ਦਮ ਤੋੜਦੀ ਵਾਸਤੇ ਪਾਵੇ
ਸਾਂਭ ਲਵੋ ਅਮੁੱਲਾ ਵਿਰਸਾ ਨਾ ਅਜਾਈਂ ਗਵਾਓ
ਮਾਯੂਸ ਮਨ ਮਸੋਸ ਕੇ ਅੱਗੇ ਤੁਰ ਪੈਂਦਾ ਹਾਂ
ਜਦ ਕੋਈ ਰਾਹਗੀਰ ਕਹਿੰਦਾ ਏ
"ਅੱਗੇ ਚੱਲੋ ਬਾਊ ਜੀ
ਕਿਉਂ ਪ੍ਰੇਸ਼ਾਨ ਹੁੰਦੇ ਓ
ਗੁਰੂ ਦੀ ਰੌਣਕ ਚਲੀ ਗਈ ਗੁਰੂਆਂ ਦੇ ਨਾਲ
ਕੂਚੇ, ਕਟੜੇ, ਢਾਬਾਂ, ਬਾਗ਼, ਬੁੰਗੇ ਅਟਾਰੀਆਂ ਮਨੋਂ ਵਿਸਾਰੋ
ਆਧੁਨਿਕ ਯੁੱਗ ਏ
ਮਲਟੀਪਲੈਕਸਾਂ, ਸ਼ਾਪਿੰਗ ਮਾਲ, ਮੈਗਾ ਮਾਰਟ
ਨਵੇਂ ਕੰਪਲੈਕਸ ਦੀ ਗੱਲ ਵਿਚਾਰੋ"।

–

## ਖ਼ੁਸ਼ਨਸੀਬ

ਮੈਂ ਕੁਦਰਤ ਦੀ ਰਚਨਾ
ਕੁਦਰਤ ਸੰਗ ਘੁਲ ਮਿਲ ਜਾਵਾਂ
ਮਿਹਰਬਹਾਨ ਹੋਵੇ ਜਦੋਂ ਕੁਦਰਤ
ਚਾਰ ਅੱਖਰ ਲਿਖ ਪਾਵਾਂ
ਕੋਈ ਗਿਲਾ ਨਹੀਂ ਜੁੜੇ ਚਾਰ ਦਮੜੇ
ਕੁਦਰਤੀ ਦਾਤਾਂ ਨਾਲ ਅਨੰਦ ਮਨਾਵਾਂ
ਮੈਂ ਖ਼ੁਸ਼ਨਸੀਬ ਹਾਂ ਕੁਦਰਤ ਦਾ ਜੀਵ
ਬਿਨ ਮੰਗਿਆਂ ਰੱਬ ਦੀ ਰਹਿਮਤ ਪਾਵਾਂ।

–

## ਮੈਂ ਔਰਤ ਹਾਂ ਇਨਸਾਨ

ਹਾਂ ਮੈਂ ਔਰਤ ਹਾਂ
ਅੰਤਰ ਮਨ ਨੂੰ ਅੰਦਰ ਦਬਾ ਰੱਖਦੀ
ਅੰਤਰ ਮਨ ਦਾ ਜੇ ਕਰਾਂ ਪ੍ਰਗਟਾਵਾ
ਬਾਗ਼ੀ, ਬਦਚਲਣ ਆਪ ਮੁਹਾਰੀ ਕਹਾਵਾਂ।

ਕਸਕਾਂ, ਪੀੜਾਂ, ਜਬਰ ਜਿਨਾਹ
ਨਿਰਵਿਰੋਧ ਜੇ ਸਹਿ ਲਵਾਂ
ਕਠਪੁਤਲੀ ਵਾਂਗ ਜੇ ਨੱਚਾਂ
ਸਭਿਅ ਸੁਲਝੀ ਨਾਰ ਕਹਾਵਾਂ।

ਹਰ ਰਿਸ਼ਤਾ ਮੰਗੇ ਕੁਰਬਾਨੀ
ਰਿਸ਼ਤੇ ਨਿਭਾਉਣੇ ਮੇਰੇ ਜ਼ੁੰਮੇ
ਲੱਖ ਦੁਰਕਾਰਨ, ਫਿਟਕਾਰਨ ਰਿਸ਼ਤੇ
ਸਹਿ ਲਵਾਂ ਸਭ ਕੁਝ ਤਾਂ ਸਵਿੱਤਰੀ ਕਹਾਵਾਂ।

ਮੈਂ ਔਰਤ ਮਨੁੱਖ ਦੀ ਜਨਣੀ
ਰਿਸ਼ਤਿਆਂ ਦ ਸੰਗਲਾਂ ਵਿਚ ਜਕੜੀ
ਸਭ ਰੋਲ-ਘਚੋਲ ਰਹੇ ਮੈਨੂੰ
ਮਨ ਲੋਚੇ ਬਾਗ਼ੀ ਹੋ ਜਾਵਾਂ।

ਮੈਂ ਔਰਤ ਤੁਹਾਨੂੰ ਪੁੱਛਾਂ
ਕਦੋਂ ਕਰੋਗੇ ਮੇਰਾ ਮਾਨ-ਸਨਮਾਨ
ਕਦੋਂ ਸਮਝੋਗੇ ਮੈਨੂੰ ਇਨਸਾਨ
ਮੈਂ ਭਵਿੱਖ ਦੀ ਜਨਣੀ ਕਦ ਤਕ ਲੁਟਦੀ ਜਾਵਾਂ ?

ਮੈ ਲੋਚਾਂ ਸਿਰ ਉੱਚਾ ਕਰ ਜੀਵਾਂ
ਬਰਾਬਰ ਦੀ ਹੱਕਦਾਰ ਬਣ ਜਾਵਾਂ
ਧਰਤੀ ਮਾਂ ਦੀ ਗੋਦ ਸਭ ਦੀ ਸਾਂਝੀ
ਮੈਂ ਵੀ ਚਾਹਾਂ ਪਿਆਰੀ, ਸਤਿਕਾਰੀ, ਦੁਲਾਰੀ ਜਾਵਾਂ।

–

## ਰਾਖਵਾਂਕਰਣ

ਅੱਜ ਹਰ ਜਾਤੀ ਹਰ ਕੁਨਬਾ ਉਤਾਵਲਾ ਏ
ਸਾਨੂੰ ਮਿਲ ਜਾਵੇ ਰਾਖਵਾਂਕਰਣ
ਮਿਲ ਜਾਵੇ ਇਕ ਸਰਲ ਰਸਤਾ
ਰੋਜ਼ੀ ਰੋਟੀ ਕਮਾਉਣ ਦਾ
ਦੂਸਰਿਆਂ ਤੋਂ ਅੱਗੇ ਲੰਘ ਜਾਣ ਦਾ।

ਬਾਬੇ ਨਾਨਕ ਚਾਹਿਆ ਸੀ ਮਿਟਾਉਣਾ
ਭੇਦ ਊਚ ਨੀਚਤਾ, ਜ਼ਾਤ-ਪਾਤ ਦਾ
ਅੱਜ ਹਰ ਜਾਤੀ ਉਤਾਵਲੀ ਏ
ਸਾਨੂੰ ਗਿਣਿਆ ਜਾਵੇ ਨੀਵਾਂ।
ਕਿੰਨਾ ਨੀਵਾਂ ਹੋਇਆ ਅੱਜ ਦਾ ਮਨੁੱਖ
ਜਾਤੀ ਲਾਭਾਂ ਲਈ ਮਾਨ-ਸਨਮਾਨ ਸਭ ਲੁਟਾ ਰਿਹਾ
ਲਾਹਨਤ ਏ ਸਿਆਸਤਦਾਨਾਂ, ਨੀਤੀਵਾਨਾਂ 'ਤੇ
ਵੰਡ ਰਹੇ ਇਨਸਾਨੀਅਤ
ਰਾਖਵੇਂਕਰਨ ਦੇ ਨਾਂ 'ਤੇ।

ਆਓ ਸਭ ਇਨਸਾਨ ਬਣ ਜਾਈਏ
ਜਾਤ-ਪਾਤ ਦੇ ਝਗੜੇ ਝੇੜੇ ਛੱਡ
ਹਰ ਦੱਬੇ ਕੁਚਲੇ ਨੂੰ ਉਪਰ ਉਠਾਈਏ
ਬਚ ਜਾਓ ਧਾਰਮਿਕ, ਰਾਜਨੀਤਕ ਨੀਤੀਆਂ ਤੋਂ
ਧਰਮਾਂ, ਜਾਤਾਂ ਰੰਗ ਨਸਲਾਂ ਦੀ ਪਾ ਵੰਡੀ
ਹਲਵੇ ਮੰਡੇ ਦਾ ਜੁਗਾੜ ਬਣਾ ਰਹੇ ਲੂੰਬੜ।

ਰਾਖਵੇਂਕਰਨ ਦੇ ਚੱਕਰਾਂ ਵਿਚੋਂ ਨਿਕਲੋ ਵੀਰੋ
ਹਰ ਗ਼ਰੀਬ ਦਾ ਦੁੱਖ ਦਰਦ ਜਹਾਲਤ ਇਕ ਏ
ਗ਼ਰੀਬ ਭਾਵੇਂ ਸ਼ੂਦਰ, ਵੈਸ਼, ਕਸ਼ੱਤਰੀ, ਬ੍ਰਾਹਮਣ ਹੋਏ।
ਆਓ ਹਰ ਦੱਬੇ ਕੁਚਲੇ ਪੱਛੜੇ ਮਨੁੱਖ ਦੀ ਬਾਂਹ ਫੜੀਏ
ਮਨੁੱਖਤਾ ਸਾਡੀ ਜਾਤੀ, ਧਰਮ ਇਨਸਾਨੀਅਤ ਸਵੀਕਾਰ ਕਰੀਏ
ਆਓ ਨਿਕਲੀਏ ਰਾਖਵੇਂਕਰਨ ਦੀ ਦਲਦਲ ਵਿਚੋਂ
ਹਰ ਮਨੁੱਖ ਲਈ ਤਰੱਕੀ ਦੇ ਰਾਹ ਹਮਵਾਰ ਕਰੀਏ।

–

## ਬੀਜ

ਕਵਿਤਾ ਦੇ ਨੰਨ੍ਹੇ ਬੀਜ ਆ
ਆ ਜਾ ਨਾ ਸ਼ਰਮਾ
ਆ ਨੰਨ੍ਹੇ ਬੀਜ ਆ
ਤੈਨੂੰ ਤਹਿ-ਦਿਲੋਂ ਜੀ ਆਇਆਂ ਕਹਿੰਦਾ ਹਾਂ।

ਤੂੰ ਵਾਰਸ ਹੈ ਭਵਿੱਖ ਦਾ
ਤੂੰ ਸਭਿਆਚਾਰ ਦਾ ਪਰਵਾਹ
ਤੂੰ ਜੀਵਨ ਦੀ ਖ਼ੁਸ਼ਹਾਲੀ
ਤੂੰ ਹੈਂ ਰਹਿਮਤ ਰੱਬ ਦੀ।

ਆ ਤੈਨੂੰ ਲਾਡ ਲਡਾਵਾਂ
ਅਹਿਸਾਸਾਂ ਦਾ ਪਾਣੀ ਦੇਵਾਂ
ਦਿਲ ਦੀ ਧੜਕਣ ਦਾ ਗੀਤ ਸੁਣਾਵਾਂ
ਚੇਤਨ ਦਿਮਾਗ਼ਾਂ ਦੀ ਰੋਸ਼ਨੀ ਵਿਖਾਵਾਂ
ਜੀਵਨ ਫ਼ਲਸਫ਼ੇ ਦੇ ਰਾਜ ਸਮਝਾਵਾਂ
ਪਿਆਰ ਦੁਲਾਰ ਦੀ ਲੋਰੀ ਦੇਵਾਂ।

ਮੈਂ ਲੋਚਾਂ ਤੂੰ ਪਰਵਾਨ ਚੜ੍ਹ ਜਾਵੇਂ
ਕਵਿਤਾ ਦਾ ਵਿਸ਼ਾਲ ਰੁੱਖ ਬਣ ਜਾਵੇਂ
ਹਰ ਤਪਦੇ ਹਿਰਦੇ ਨੂੰ ਠੰਡ ਪਾਵੇਂ
ਹਰ ਦੁਖੀ ਲਈ ਦੁਆ ਬਣ ਜਾਵੇਂ
ਹਰ ਅਸ਼ਾਂਤ ਮਨ ਨੂੰ ਸਕੂਨ ਦੇ ਪਾਵੇਂ
ਮਨ ਦੇ ਪੰਛੀ ਲਈ ਆਲ੍ਹਣਾ ਬਣ ਜਾਵੇਂ।

ਆ ਕਵਿਤਾ ਦੇ ਨੰਨ੍ਹੇ ਬੀਜ ਆ
ਤੂੰ ਰਹਿਮਤ ਰੱਬ ਦੀ
ਹਰ ਜੀਵਨ ਲਈ ਅੰਮ੍ਰਿਤ
ਆ ਤੈਨੂੰ ਜੀ ਆਇਆਂ ਕਹਿੰਦਾ ਹਾਂ।

–

## ਜੀਵਨ ਸਫ਼ਰ

ਬਹੁਤ ਤੇਜ਼ੀ ਨਾਲ ਦੌੜ ਰਿਹਾ
ਜੀਵਨ ਦੀ ਸੜਕ 'ਤੇ ਅੱਜ ਦਾ ਮਨੁੱਖ
ਧਰਤੀ ਦੀ ਹਿੱਕ ਨੂੰ ਲਿਤਾੜਦਾ ਕੁਚਲਦਾ ਜਾਵੇ ਮਨੁੱਖ।
ਧਰਤੀ ਦੇ ਪਿਆਰ ਦੁਲਾਰ ਤੋਂ ਬੇ-ਪ੍ਰਵਾਹ ਮਨੁੱਖ
ਆਲੇ-ਦੁਆਲੇ ਨੂੰ ਅਣਡਿੱਠ ਕਰੀ ਜਾਵੇ ਮਨੁੱਖ।
ਧਰਤੀ ਦਾ ਸੀਨਾ ਵਲੂੰਧਰਦਾ, ਝਰੀਟਦਾ ਮਨੁੱਖ
ਧਰਤੀ ਦਾ ਮੋਹ ਛੱਡ ਅਕਾਸ਼ ਵੱਲ ਉੱਡ ਰਿਹਾ ਮਨੁੱਖ।
ਸਬਰ ਸੰਤੋਖ ਸ਼ਾਂਤੀ ਤੋਂ ਵਾਂਝਾ ਅੱਜ ਦਾ ਮਨੁੱਖ
ਅੰਨ੍ਹੀ ਦੌੜ ਦੌੜ ਰਿਹਾ ਮਨੁੱਖ।
ਹਕੀਕਤਾਂ ਤੋਂ ਬੇਮੁੱਖ ਹੋ ਮਨੁੱਖ
ਤੇਜ਼ੀ ਨਾਲ ਅੰਤ ਵੱਲ ਵਧ ਰਿਹਾ ਮਨੁੱਖ।

–

# ਚਿਹਰੇ

ਖ਼ੁਦਾ ਬਣਾਏ ਵੰਨ-ਸੁਵੰਨੇ ਚਿਹਰੇ
ਕੋਮਲ, ਦਿਲਕਸ਼, ਹੁਸੀਨ ਚਿਹਰੇ
ਕਾਲੇ-ਕਲੂਟੇ ਕਰੂਪ ਚਿਹਰੇ
ਕਾਲੀਆਂ, ਨੀਲੀਆਂ, ਭੂਰੀਆਂ ਅੱਖਾਂ ਵਾਲੇ ਚਿਹਰੇ
ਵੰਨ-ਸੁਵੰਨੇ ਰੰਗਾਂ ਵਾਲੇ ਚਿਹਰੇ
ਫੀਨੇ, ਚੌੜੇ, ਤਿੱਖੇ ਨੱਕਾਂ ਵਾਲੇ ਚਿਹਰੇ
ਛੋਟੇ, ਵੱਡੇ, ਵਿੰਗੇ ਟੇਡੇ ਕਿਤੇ ਦਿਲਕਸ਼ ਕੰਨਾਂ ਵਾਲੇ ਚਿਹਰੇ
ਮਨ ਨੂੰ ਭਰਮਾਉਣ ਸੁੰਦਰ ਦਿਲਕਸ਼ ਸੋਹਣੇ ਚਿਹਰੇ
ਵੰਨ-ਸੁਵੰਨੇ ਵਾਲਾਂ ਦੀ ਰੰਗਤ ਵਾਲੇ ਚਿਹਰੇ
ਮਨੁੱਖਤਾ ਦੀ ਫੁਲਵਾੜੀ ਸਜਾਉਣ ਵੰਨ-ਸੁਵੰਨੇ ਚਿਹਰੇ
ਮਨ ਸੁੰਦਰ ਸ਼ਖ਼ਸੀਅਤ ਸੁੰਦਰ ਤਾਂ ਸਭੇ ਚੰਗੇ ਲੱਗਣ ਚਿਹਰੇ
ਮਨ ਮੈਲਾ, ਸ਼ਖ਼ਸੀਅਤ ਮੈਲੀ ਤਾਂ ਸਭੇ ਮਾੜੇ ਲੱਗਣ ਚਿਹਰੇ।

–

# ਨੰਗੇ ਸ਼ਬਦ

ਮੈਂ ਲਿਖਾਂਗਾ
ਜਿਵੇਂ ਵੇਖਦਾ ਹਾਂ ਮਹਿਸੂਸਦਾ ਹਾਂ
ਨੰਗੇ ਸ਼ਬਦਾਂ ਨਾਲ ਲਿਖਾਂਗਾ
ਜ਼ਿੰਦਗੀ ਦੀ ਤਲਖ਼ ਹਕੀਕਤ।
ਕੋਈ ਵੱਡਾ ਕਵੀ ਨਹੀਂ ਹਾਂ
ਚਲਾਵਾਂ ਆਪਣੀ ਕਲਾ ਦਾ ਜਾਦੂ
ਚੜ੍ਹਾ ਦੇਵਾਂ ਕੌੜੇ ਸੱਚ ਤੇ ਮਿੱਠੀਆਂ ਪਰਤਾਂ।

ਮੈਂ ਮਨ ਦੇ ਰਿਸਦੇ ਜ਼ਖ਼ਮਾਂ ਨੂੰ
ਬਿਆਨਗਾਂ ਜਿਉਂ ਦੀਆਂ ਤਿਉਂ
ਹਕੀਕਤ ਦੇ ਦਰਸ਼ਨ ਦੀਦਾਰ ਕਰਾਵਾਂਗਾ।

ਮੈਂ ਕਰਾਂਗਾ ਸਾਧਾਰਣ ਲੋਕਾਂ ਦੀ ਗੱਲ
ਰੋਟੀ ਲਈ ਵਿਲਕਦੇ ਬਾਲਾਂ ਦੀਆਂ ਸਿਸਕੀਆਂ ਦੀ ਗੱਲ
ਜਿਸਮ ਵੇਚਦੀਆਂ ਔਰਤਾਂ ਦੀਆਂ ਬੇਬਸ ਚੀਕਾਂ ਦੀ ਗੱਲ
ਖ਼ੁਦਕਸ਼ੀ ਲਈ ਨਪੀੜੇ ਕਿਰਤੀ ਕਿਸਾਨ ਦੀਆਂ ਪੀੜਾਂ ਦੀ ਗੱਲ
ਕੂੜੇ ਵਿਚੋਂ ਪਲਾਸਟਿਕ ਚੁਗਦੇ ਲੋਕਾਂ ਦੀ ਮਜਬੂਰੀ ਦੀ ਗੱਲ
ਫੇਰੀ ਲਾਉਂਦੇ 80 ਸਾਲਾ ਬਜ਼ੁਰਗ ਦੀਆਂ ਦੁਸ਼ਵਾਰੀਆਂ ਦੀ ਗੱਲ
ਦਸ ਦਸ ਘਰਾਂ ਦਾ ਕੰਮ ਕਰਦੀ ਨਾਮੋ ਦੇ ਸੋਸ਼ਣ ਦੀ ਗੱਲ
ਢਾਬੇ ਤੇ ਭਾਂਡੇ ਮਾਂਜਦੇ ਗਾਲਾਂ ਖਾਂਦੇ ਮੁੰਡੂ ਦੀ ਗੱਲ
ਕੋਠੀਆਂ ਵਿਚ ਵਿਕਦੀ ਬਾਲੜੀਆਂ ਦੀ ਹਸਰਤ ਦੀ ਗੱਲ।

ਮੈਂ ਸਾਧਾਰਣ ਕਵੀ ਹਾਂ
ਕਰਾਂਗਾ ਸਾਧਾਰਣ ਲੋਕਾਂ ਦੀ ਗੱਲ।

ਵੱਡੀ ਸਮਝ ਵਾਲੇ ਵੱਡੇ ਕਵੀਓ
ਕਰੋ ਕੋਈ ਸਮਾਜ ਸੁਧਾਰ ਦੀ ਗੱਲ।
ਪੱਬਾਂ ਕਲੱਬਾਂ, ਇਸ਼ਕ-ਮੁਸ਼ਕ ਦੀ ਛੱਡੋ ਗੱਲ
ਆਓ ਰਲ ਕਰੀਏ ਮਨੁੱਖ ਦੀ ਕੁਰਲਾਹਟ ਦੀ ਗੱਲ।

–

## ਅੱਥਰੂ

ਨਾ ਪੁੱਛ ਕੇ ਆਉਂਦੇ, ਨਾ ਦੱਸ ਕੇ ਆਉਂਦੇ ਅੱਥਰੂ
ਬੜੇ ਆਪ-ਮੁਹਾਰੇ ਨੇ ਅੱਥਰੂ
ਬਿਨ ਬੁਲਾਇਆਂ ਹੀ ਆ ਜਾਵਣ ਅੱਥਰੂ
ਮਨ ਦੀ ਅਜਬ ਹਾਲਤ ਬਿਆਨਣ ਅੱਥਰੂ
ਭਰੀ ਮਹਿਫ਼ਲ ਵਿਚ ਛਲਕ ਜਾਵਣ ਅੱਥਰੂ
ਕਿੰਨੇ ਬੇਬਾਕ ਨਿਰਛਲ ਹੁੰਦੇ ਨੇ ਅੱਥਰੂ
ਮਨ ਦੇ ਵਲਵਲਿਆਂ ਅਹਿਸਾਸਾਂ ਦੀ ਜ਼ੁਬਾਨ ਅੱਥਰੂ
ਮਨ ਦੀ ਉਦਾਸੀ, ਬੇਚੈਨੀ ਗ਼ਮੀ ਦੀ ਕਹਾਣੀ ਦੱਸਣ ਅੱਥਰੂ
ਮਨ ਦੀਆਂ ਖ਼ੁਸ਼ੀਆਂ, ਉਮੰਗਾਂ ਦੀ ਪੂਰਤੀ ਇਜ਼ਹਾਰਣ ਅੱਥਰੂ
ਬੇਬਸੀ, ਮਜਬੂਰੀ, ਲਾਚਾਰੀ ਵਿਚ ਆ ਜਾਵਣ ਅੱਥਰੂ
ਮਨ ਦੇ ਅਹਿਸਾਸਾਂ ਦਾ ਪੈਮਾਨਾ ਅੱਥਰੂ
ਉਹੀ ਜਾਣੇ ਭੇਤ ਜਿਸ ਦੀਆਂ ਅੱਖੀਆਂ ’ਚ ਆਵਣ ਅੱਥਰੂ
ਸੁੱਚੇ ਮੋਤੀ ਹੁੰਦੇ ਨੇ ਸੰਭਾਲ ਲੈਣਾ ਅੱਥਰੂ
ਕੁਦਰਤ ਦਾ ਅਮੁੱਲ ਖ਼ਜ਼ਾਨਾ ਹੁੰਦੇ ਅੱਥਰੂ
ਬੇਕਦਰੀ ਨਾ ਕਰਨਾ ਬੜੀ ਮੁਸ਼ਕਿਲ ਨਾਲ ਆਵਣ ਅੱਥਰੂ
ਸੰਭਲ ਕੇ ਰਹਿਣਾ ਕਈ ਵਾਰ ਧੋਖਾ ਦੇ ਜਾਵਣ ਅੱਥਰੂ
ਬਰੀਕ ਬੁੱਧੀ ਨਾਲ ਪਛਾਨਣਾ ਮਗਰਮੱਛ ਦੇ ਅੱਥਰੂ।

–

# ਪਿੰਡ ਦੀ ਜੂਹ

ਜਦੋਂ ਵੀ ਕਦੇ ਪਰਤਦਾ ਹਾਂ
ਆਪਣੇ ਪਿੰਡ ਵੱਲ
ਲੰਬੇ ਸਮੇਂ ਬਾਅਦ।
ਪਿੰਡ ਦੀ ਜੂਹ ਵਿਚ ਪਹੁੰਚਦਿਆਂ
ਅਜੀਬ ਅਹਿਸਾਸ ਹੁੰਦਾ ਏ
ਜਾਪਦਾ ਇਵੇਂ
ਵਿੱਛੜਿਆ ਸੰਬੰਧੀਆਂ ਨੂੰ ਮਿਲ ਰਿਹਾ ਹੋਵਾਂ।
ਹਰ ਭਰੇ ਖੇਤਾਂ ਦੀ ਅਨੋਖੀ ਮਹਿਕ
ਝੂਮਦੇ ਦਰੱਖ਼ਤਾਂ ਦੀ ਸਰਸਰਾਹਟ
ਅਜ਼ਾਦ ਹਵਾਵਾਂ ਦਾ ਰੁਮਕਣਾ
ਪਿਆਰ ਗਲਵਕੜੀ ਵਿਚ ਲੈ ਲੈਂਦਾ ਚੁਗਿਰਦਾ
ਅੱਖਾਂ ਨਮ ਹੋ ਜਾਂਦੀਆਂ ਨੇ
ਡਾਢੀ ਪੀੜਾ 'ਚੋਂ ਗੁਜ਼ਰਦਾ ਏ ਮਨ
ਇਕ ਤੜਪ ਦਾ ਅਹਿਸਾਸ ਹੁੰਦਾ ਏ
ਪਿੰਡ ਨਾਲੋਂ ਵਿੱਛੜ ਜਾਣ ਦਾ
ਆਪਣੇ ਪੂਰਵਜਾਂ ਦੀ ਕਰਮ-ਭੂਮੀ ਛੱਡ
ਦੇਸਾਂ-ਪ੍ਰਦੇਸਾਂ ਵਿਚ ਭਟਕਣਾ ਰੋਟੀ ਰੋਜ਼ੀ ਲਈ
ਗੁੱਝੀ ਪੀੜਾ ਨੂੰ ਜਨਮ ਦੇਵੇ ਭਟਕਣਾ।
ਪਿੰਡ ਦੀ ਨਵੀਂ ਪੀੜ੍ਹੀ ਵੇਖਦੀ ਏ
ਸਵਾਲੀਆ ਨਿਗਾਹਾਂ ਨਾਲ
'ਕੋਈ ਸ਼ਹਿਰੀ ਬਾਬੂ ਰਾਹ ਭਟਕ ਗਿਆ ਲੱਗਦਾ'
ਵਿਚੋਂ ਹੀ ਕੋਈ ਬੋਲਦਾ ਏ
'ਬਾਹਮਣਾਂ 'ਚੋਂ ਲੱਗਦਾ ਮੱਥਾ ਟੇਕਣ
ਆਏ ਹੋਣੇ ਜਠੇਰਿਆਂ ਦੇ'
ਕੋਈ ਬਜ਼ੁਰਗ ਕਹਿ ਦਿੰਦਾ,
'ਸ਼ਾਹ ਜੀ, ਸ਼ੁਕਰ ਏ ਪਿੰਡ ਦੀ ਯਾਦ ਆਈ ਏ
ਕੋਈ ਚਾਹ ਪਾਣੀ ਦੀ ਸੇਵਾ ਦੱਸੋ'
ਕਿਨ੍ਹਾਂ ਵਿਚੋਂ ਏਂ ਕਾਕਾ, ਦੋ ਚਾਰ ਬਜ਼ੁਰਗਾਂ ਦੇ
ਨਾਂ ਗਿਣਾ ਦਿੰਦਾ ਏ'
ਬਜ਼ੁਰਗਾਂ ਦੇ ਦੋ ਬੋਲ ਹੀ ਸਕੂਨ ਦੇ ਜਾਂਦੇ ਨੇ
ਜਾਪਦਾ ਮੈਂ ਆਪਣੇ ਪਿੰਡ ਵਿਚ ਹਾਂ
ਸ਼ਹਿਰ ਨਹੀਂ ਕੋਈ ਪੁੱਛਦਾ
ਰਾਹਗੀਰਾਂ ਨੂੰ ਚਾਹ ਪਾਣੀ
ਕਿਧਰੋਂ ਆਏ ਕਿਧਰ ਜਾ ਰਹੇ
ਅਹਿਸਾਨਮੰਦ ਹਾਂ (ਦਾਦੀ ਸਤੀ) ਜਠੇਰਿਆਂ ਦਾ
ਜਿਨ੍ਹਾਂ ਦੀ ਅਹੂਤੀ ਨੇ ਸਾਂਝ ਬਣਾਈ ਪੱਕੀ
ਮੈਂ ਭੁੱਲਿਆ ਭਟਕਿਆ ਪਿੰਡ ਪਰਤਦਾ ਹਾਂ
ਮੱਥਾ ਟੇਕਣ ਬਹਾਨੇ।
ਆਧੁਨਿਕ ਯੁੱਗ ਵਿਚ ਰਿਸ਼ਤਿਆਂ ਦੇ ਅਰਥ ਗੁਆਚੇ
ਵਿਗਿਆਨਕ ਪਕੜ ਵਿਚ ਨਾ ਆਏ ਮਨ ਦੀ ਥਾਹ
ਪਿੰਡ ਦੀ ਜੂਹ 'ਚ ਵੜਦਿਆਂ ਕਿਉਂ ਭਰ ਆਵਣ ਅੱਖਾਂ
ਮਨ ਦੇ ਅਹਿਸਾਸਾਂ ਦੀ ਤਰਜਮਾਨੀ ਨਾ ਕਰੇ ਵਿਗਿਆਨ
ਮਨ ਦੇ ਸਕੂਨ ਲਈ ਆਉਂਦਾ ਰਹਿੰਦਾ ਹਾਂ
ਪਿੰਡ ਦੀ ਜੂਹ।

–

## ਬਾਪੂ ਦੀ ਸਮਾਧ (ਮਹਾਤਮਾ ਗਾਂਧੀ)

ਬਾਪੂ ਤੇਰੀ ਸਮਾਧ ਤੇ ਨਤਮਸਤਕ ਜਦ ਮੈਂ ਹੋਇਆ
ਤੇਰੀ ਕੁਰਬਾਨੀ
ਤੇਰੀ ਸਾਦ-ਮੁਰਾਦੀ ਛਵ੍ਹੀ
ਤਨ 'ਤੇ ਖੱਦਰ ਦੀ ਚਾਦਰ
ਪੈਰੀਂ ਚੱਪਲ
ਹੱਥ ਵਿਚ ਸੋਟੀ
ਕੁਟੀਆ ਸੀ ਤੇਰਾ ਰਹਿਣ ਬਸੇਰਾ
ਸਭ ਕੁਝ ਅੱਖਾਂ ਸਾਹਵੇਂ ਆਇਆ।

ਪਰ ਤੇਰੀ ਵਿਸ਼ਾਲ ਸਮਾਧ ਵੇਖ
ਮਨ ਦੋਚਿੱਤੀ ਵਿੱਚ ਹੈ।
ਕਿਥੇ ਬਾਪੂ ਦੀ ਕੁਟੀਆ
ਕਿਥੇ ਵਿਸ਼ਾਲ ਠਾਠ-ਬਾਠ ਵਾਲੀ ਸਮਾਧ
ਆਪਸ ਵਿਚ ਮੇਲ ਨਾ ਖਾਵਣ
ਜਾਂ ਬਾਪੂ ਅਮਰ ਹੋ ਕੇ
ਜਾਗੀਰਦਾਰ ਹੋ ਗਿਆ
ਜਿਸ ਦੀ ਸਮਾਧ 'ਤੇ ਹਰ ਮਹੀਨੇ ਹੁੰਦੇ ਲੱਖਾਂ ਦੇ ਖ਼ਰਚੇ
ਜਾਂ ਫਿਰ ਬਾਪੂ ਦੇ ਵਾਰਿਸ ਪਖੰਡੀ ਦੰਭੀ
ਤੇਰੇ ਨਾਮ ਦਾ ਗੁਣ ਕਰਦੇ ਬਗਲੇ ਭਗਤ
ਘੁਣ ਵਾਂਗ ਦੇਸ਼ ਨੂੰ ਖਾਈ ਜਾਵਣ
ਸਾਦ-ਮੁਰਾਦੇ ਬਾਪੂ ਦੇ ਫ਼ਸਲਫ਼ੇ ਦਾ
ਸ਼ਰੇਆਮ ਮਜ਼ਾਕ ਉਡਾਈ ਜਾਵਣ
ਮੈਂ ਦੋਚਿੱਤ ਵਿਚ ਹਾਂ
ਮਨ ਨਹੀਂ ਮੰਨਦਾ
ਗ਼ਰੀਬਾਂ ਦੇ ਮਸੀਹੇ
ਹਰੀਜਨਾਂ ਦੇ ਹਿਤੈਸ਼ੀ
ਸਾਦ-ਮੁਰਾਦੇ ਬਾਪੂ ਦੀ ਸਮਾਧ
ਹੋ ਸਕਦੀ ਨਹੀਂ ਇੰਨੀ ਵਿਸ਼ਾਲ।

–

## ਸਵਰਗ ਦਾ ਅਹਿਸਾਸ

ਪਤਾ ਨਹੀਂ ਸਵਰਗ ਵਿਚ ਕੀ ਹੋਵੇਗਾ ?
ਪਰ ਸਵਰਗ ਦਾ ਅਹਿਸਾਸ ਮੈਨੂੰ ਇੰਜ ਭਾਸੇ
ਜਦੋਂ ਛੋਟਾ ਬਾਲ ਕਿਲਕਾਰੀਆਂ ਮਾਰੇ
ਦੁੱਧ ਚੁੰਘਦੇ ਬਾਲ ਸਿਰ ਮਾਂ ਹੱਥ ਫੇਰੇ
ਛੋਟਾ ਬਾਲ ਤੋਤਲੀ ਜ਼ੁਬਾਨੇ ਪਾਪਾ-ਮਾਮਾ ਕਹੇ
ਪਿਆਰ ਗਲਵਕੜੀ ਵਿਚ ਪ੍ਰੇਮੀ ਅੱਖਾਂ ਬੰਦ ਕਰ ਲੈਣ
ਕੁਦਰਤ ਦੇ ਦਿਲਕਸ਼ ਨਜ਼ਾਰੇ ਵੇਖ ਮਨ ਅਸ਼-ਅਸ਼ ਕਰ ਉੱਠੇ
ਸੁਆਣੀ ਪ੍ਰੇਮ ਨਾਲ ਗਰਮ ਪਕਵਾਨ ਪਰੋਸੇ
ਕੋਈ ਮਧੁਰ ਗੀਤ ਸੁਣ ਤਨ ਵਿਚ ਫੈਲੇ ਝੁਣਝੁਣੀ
ਮਨਮੋਹਣੇ ਹੁਸੀਨ ਚਿਹਰੇ ਤੋਂ ਅੱਖਾਂ ਨਾ ਹਟਣ ਪਰੇ
ਸਾਂਝੇ ਘਰ ਵਿਚੋਂ ਸੁਨਣ ਤ੍ਰੀਮਤਾਂ ਦੇ ਹਾਸੇ
ਬੱਚਿਆਂ ਦੇ ਰੌਲੇ, ਉੱਚੀ ਡੈਂਕ ਦੀਆਂ ਆਵਾਜ਼ਾਂ
ਸਿਆਲੇ ਦੀ ਸਵੇਰੇ ਸੂਰਜ ਦਾ ਨਿੱਘ ਮਿਲੇ
ਅੱਗ ਵਰ੍ਹਾਉਂਦੀ ਦੁਪਹਿਰ ਨੂੰ ਦਰੱਖ਼ਤਾਂ ਦੀ ਠੰਡੀ ਛਾਂ ਮਿਲੇ।
ਰੰਗ-ਬਰੰਗੇ ਮਹਿਕਦੇ ਫੁੱਲਾਂ ਦਾ ਰਸ ਚੂਸਦੀ ਤਿਤਲੀ ਮੰਡਰਾਵੇ
ਵੰਨ-ਸੁਵੰਨੇ ਪੰਛੀ ਅੱਠਖੇਲੀਆਂ ਕਰਦੇ ਫਿਰਨ।
ਪਹਾੜ, ਨਦੀਆਂ, ਨਾਲੇ, ਸਮੁੰਦਰ ਅਨੋਖੇ ਨਜ਼ਾਰੇ ਵਿਖਾਵਣ
ਬੁੱਢੇ ਮਾਪਿਆਂ ਦੀ ਸੇਵਾ ਕਰਦੇ ਹੋਣ ਬੱਚੇ।
ਜਦੋਂ ਵੀ ਵੇਖਦਾ ਹਾਂ ਮਹਿਸੂਸਦਾ ਹਾਂ ਇਹ ਵਰਤਾਰੇ
ਮੈਂ ਅੰਤਰ ਮਨ ਸੋਚਦਾ ਹਾਂ
ਧਰਤੀ ਮਾਂ ਦੀ ਬੁੱਕਲ ਹੀ ਏ ਸਵਰਗ
ਸਭਿਅ ਇਨਸਾਨਾਂ ਵਾਂਗ ਜੇ ਸਾਨੂੰ ਜੀਊਣਾ ਆਵੇ।

–

## ਜੀਵਨ

ਕਿਸੇ ਦੇ ਮਰ ਜਾਣ ’ਤੇ
ਜੀਵਨ ਤੋਂ ਮੂੰਹ ਮੋੜ ਲੈਣਾ
ਰਿਸ਼ਤੇ ਨਾਤੇ ਤੋੜ ਲੈਣਾ
ਖ਼ੁਦ ਨੂੰ ਮਾਰ ਲੈਣਾ
ਕਿਥੋਂ ਦੀ ਸਿਆਣਪ ਏ ?
ਕੁਦਰਤ ਦੇ ਦਿੱਤੇ ਅਮੁੱਲ ਜੀਵਨ ਨੂੰ
ਬਿਨ ਭੋਗਿਆਂ ਟੁਰ ਜਾਣਾ
ਕੁਦਰਤ ਦਾ ਘੋਰ ਨਿਰਾਦਰ ਏ।
ਜੀਵਨ ਜਿਊਣਾ ਇਕ ਦਲੇਰੀ
ਜੀਵਨ ਜਿਊਣਾ ਇਕ ਕਲਾ ਏ।
ਜੀਵਨ ਜਿਊਣਾ ਇਕ ਸੰਘਰਸ਼
ਜੀਵਨ ਸੰਘਰਸ਼ ਤੋਂ ਨਾ ਭੱਜੀਏ।
ਲੋੜ ਏ ਅਸੀਂ ਜਾਣੀਏ
ਜੀਵਨ ਦੇ ਸਹੀ ਅਰਥ ਪਹਿਚਾਣੀਏ।
ਮਨੁੱਖੀ ਜੀਵਨ ਦਾ ਮਿਲਿਆ ਜੋ ਵਰਦਾਨ
ਹਰ ਸਵਾਸ ਕਰੀਏ ਮਾਨਵ ਕਲਿਆਣ।
ਆਓ ਹਿੰਮਤ ਕਰ ਕਾਰ ਕਮਾਈਏ।
ਜੀਵਨ ਜੀਵੋ ਸੁੱਚੀ ਕਿਰਤ ਕਮਾਵੋ।
ਮਾਨਵਤਾ ਦਾ ਮੂੰਹ ਲਿਸ਼ਕਾਵੋ।
ਬੁਜ਼ਦਿਲ ਨੇ ਸੰਘਰਸ਼ਾਂ ਤੋਂ ਮੂੰਹ ਮੋੜਦੇ
ਬੁਜ਼ਦਿਲ ਸਵਾਸਾਂ ਤੋਂ ਖ਼ੁਦ ਰਿਸ਼ਤੇ ਤੋੜਦੇ।

–

## ਨਿਯਮ

ਹਰ ਤੱਤ ਦੇ
ਹਰ ਜੀਵ ਦੇ
ਕੁਝ ਮੂਲ ਗੁਣ ਹੁੰਦੇ
ਜੋ ਰਹਿਣ ਸਦਾ ਸਥਾਈ।
ਲੱਖਾਂ ਸਾਲਾਂ ਦਾ ਪੈਂਡਾ ਵੀ ਨਾ ਕਰ ਸਕਿਆ ਤਬਦੀਲ
ਮਨੁੱਖ ਦੇ ਮੂਲ ਗੁਣ
ਬਦਲਦੇ ਪੌਣ ਪਾਣੀ ਵਾਤਾਵਰਣ ਨਾਲ
ਬਹੁਤ ਕੁਝ ਬਦਲਿਆ ਮਨੁੱਖ ਨੇ।

ਭੌਤਿਕ ਵਰਤਾਰਿਆਂ ਵਿਚ ਕਰ ਤਬਦੀਲੀ
ਮਨੁੱਖ ਦਾਅਵੇ ਕਰਦਾ ਏ
ਮੈਂ ਹਾਂ ਆਧੁਨਿਕ ਮਨੁੱਖ
ਪਰ ਸੱਚ ਦੀ ਕਸਵੱਟੀ 'ਤੇ ਜਦੋਂ ਪਰਖਿਆ ਜਾਵੇ
ਮੂਲ ਰੂਪ ਸਭ ਦੇ ਸਾਹਮਣੇ ਆਵੇ।

ਕਾਮ, ਕ੍ਰੋਧ, ਲੋਭ, ਹੰਕਾਰ ਦਾ ਪੁਤਲਾ ਮਨੁੱਖ
ਅੱਜ ਵੀ ਜਿਉਂ ਦਾ ਤਿਉਂ
ਆਧੁਨਿਕ ਹੋਈ ਏ ਬਾਹਰੀ ਦਿੱਖ
ਛੱਡ ਸਕਿਆ ਨਾ ਮੂਲ ਗੁਣ ਮਨੁੱਖ।

–

## ਮਾਲਾ

ਲਿਖਦਾ ਜਾਵਾਂ ਲਿਖਦਾ ਜਾਵਾਂ
ਵਾਰ-ਵਾਰ ਉਹੀ ਅੱਖਰ ਲਿਖਦਾ ਜਾਵਾਂ।
ਅੱਖਰ ਉਹੀ ਮਸਲੇ ਉਹੀ
ਪੁੱਠੇ ਸਿੱਧੇ ਅੱਗੇ ਪਿੱਛੇ ਅੱਖਰ ਉਹੀ।
ਮਨ ਲੋਚੇ ਅੱਖਰਾਂ ਦੀ ਸੁੰਦਰ ਮਾਲਾ ਬਣਾਵਾਂ
ਪਿਆਰ ਨਾਲ ਹਰ ਗਲੇ 'ਚ ਪਾਵਾਂ।
ਮਨ ਲੋਚੇ ਮਾਲਾ ਦਾ ਹਰ ਅੱਖਰ ਲੋ ਦੇਵੇ
ਹਨੇਰੇ ਸਮੇਟ ਜੀਵਨ ਪੰਧ ਰੁਸ਼ਨਾਵੇ।
ਲੋਚਾਂ ਹਰ ਅੱਖਰ ਭੇਦ ਮਨਾਂ ਦੇ ਖੋਲ੍ਹੇ
ਮਨ ਦੀਆਂ ਕਸਕਾਂ ਪੀੜਾਂ ਦੇ ਬੋਲ ਬੋਲੇ।
ਲੋਚਾਂ ਸਭ ਅੱਖਰ ਜੀਵਨ ਰੰਗ ਬਖੇਰਨ
ਧਰਤੀ ਨੂੰ ਰੰਗੀਨ ਬਨਾਵਣ।
ਲੋਚਾਂ ਅੱਖਰ ਬੋਲਣ ਮਿਸ਼ਰੀ ਜਿਹੇ ਬੋਲ
ਕੌੜੀ ਕਸੈਲੀ ਜ਼ਿੰਦਗੀ 'ਚ ਮਿਠਾਸ ਜਾਵਣ ਘੋਲ।
ਲੋਚਾਂ ਹਰ ਅੱਖਰ ਫੁੱਲ ਬਣ ਜਾਵੇ
ਮਾਨਵਤਾ ਦੀ ਫੁਲਵਾੜੀ ਮਹਿਕਾਵੇ।
ਲੋਚਾਂ ਹਰ ਅੱਖਰ ਬੋਲੇ ਕੁਦਰਤ ਦੇ ਗੀਤ,
ਬ੍ਰਹਿਮੰਡ 'ਚ ਗੂੰਜੇ ਅੱਖਰਾਂ ਦਾ ਸੰਗੀਤ।
ਲੋਚਾਂ ਅੱਖਰਾਂ ਦੀ ਹੋਵੇ ਲੰਬੀ ਪ੍ਰਵਾਜ਼,
ਦਿਸਹੱਦਿਆਂ ਤੋਂ ਪਰੇ ਪਹੁੰਚੇ ਇਹਨਾਂ ਦੀ ਆਵਾਜ਼।
ਲੋਚਾਂ ਅੱਖਰ ਰੱਬ ਦੀ ਰਹਿਮਤ ਬਣ ਜਾਵਣ,
ਨੀਰਸ ਜਿੰਦਾਂ ਨੂੰ ਖ਼ੁਸ਼ਹਾਲ ਕਰ ਜਾਵਣ।
ਲੋਚਾਂ ਅੱਖਰ ਬੋਲਣ ਸੱਚੇ ਬੋਲ,
ਅੱਖਰ ਅੰਮ੍ਰਿਤ ਹੋ ਜਾਵਣ ਅਨਮੋਲ।

ਲਿਖਦਾ ਜਾਵਾਂ ਲਿਖਦਾ ਜਾਵਾਂ
ਵਾਰ-ਵਾਰ ਉਹੀ ਅੱਖਰ ਲਿਖਦਾ ਜਾਵਾਂ
ਅੱਖਰ ਮੇਰੇ ਲਈ ਸੁੱਚੇ ਮੋਤੀ
ਮਾਲਾ ਅੱਖਰਾਂ ਨਾਲ ਪਰੋਤੀ।

–

## ਪੈੜਾਂ

ਆਧੁਨਿਕ ਯੁੱਗ ਦੀ ਤਲਿਸਮੀ ਚਕਾਚੌਂਧ ਤੋਂ ਅੱਕ
ਹਰ ਵੇਲੇ ਦੀ ਭੱਜ-ਦੌੜ ਤੋਂ ਥੱਕ
ਵੇਖਦਾ ਹਾਂ ਜਦ ਬੀਤੇ ਸਮੇਂ ਦੀਆਂ ਪੈੜਾਂ
ਜਦ ਕੋਈ ਹੋਸ਼ ਨਹੀਂ ਸੀ ਗੰਭੀਰ ਸੋਚ ਨਹੀਂ ਸੀ
ਬਚਪਨ ਦਾ ਭੋਲਾਪਨ ਜਵਾਨੀ ਦਾ ਅਲ੍ਹੜਪਨ ਸੀ
ਮੈਂ ਬੀਤੇ ਨੂੰ ਭਰਪੂਰ ਮਾਣਿਆ ਏ
ਪੇਂਡੂ ਜੀਵਨ ਦੇ ਹਰ ਪਹਿਲੂ ਨੂੰ ਜਾਣਿਆ ਏ।

ਮੱਝਾਂ ਦੀ ਸਵਾਰੀ ਕਰ ਟੋਬਿਆਂ 'ਚ ਨਹਾਉਣਾ
ਕਦੇ ਖੋਤੇ ਤੋਂ ਕਦੇ ਘੋੜੇ ਤੋਂ ਡਿੱਗ ਸੱਟਾਂ ਲਵਾਉਣਾ
ਦਰੱਖ਼ਤਾਂ ਦੀਆਂ ਟੀਸੀਆਂ 'ਤੇ ਚੜ੍ਹ ਟਪੂਸੀਆਂ ਲਗਾਉਣਾ
ਯਾਦ ਨੇ ਕੱਚੀਆਂ ਅੰਬੀਆਂ, ਫ਼ਾਲਸੇ ਖਾ ਅੱਖਾਂ ਦਾ ਦੁਖਣਾ
ਮਾਂ ਦਾ ਅੱਖਾਂ ਉੱਤੇ ਬੱਕਰੀ ਦੇ ਦੁੱਧ ਤੇ ਰਸੌਂਤ ਦੇ ਫਹੇ ਰੱਖਣਾ
ਨਿਡਰ ਹੋ ਖੂਹ, ਸੂਏ, ਨਹਿਰ ਵਿਚ ਟੁੱਭੀਆਂ ਲਗਾਉਣਾ
ਕਈ ਵਾਰ ਗੋਤੇ ਖਾ ਡੁੱਬਣਾ, ਤੇ ਬਚ ਕੇ ਸ਼ੁਕਰ ਮਨਾਉਣਾ
ਯਾਦ ਨੇ ਖਿੱਦੋ-ਖੂੰਡੀ, ਗੇਂਦ-ਗੀਟੇ ਤੇ ਸ਼ਟਾਪੂ ਖੇਡਣਾ
ਗਰਮੀਆਂ 'ਚ ਸੱਤੂ, ਸ਼ਰਦਾਈ ਤੇ ਸ਼ਰਬਤ ਪੀਣਾ
ਕਣਕ ਦੇ ਮਰੂੰਡੇ, ਹੋਲਾਂ, ਬੱਕਲੀਆਂ ਖਾਣਾ
ਭੁੱਲਦਾ ਨਹੀਂ ਕਾੜ੍ਹਨੀ 'ਚੋਂ ਪੀਤੇ ਦੁੱਧ ਦਾ ਸਵਾਦ
ਕੁਲਾਹੜੀ ਤੋਂ ਪੀਤੇ ਰੌਹ ਤੇ ਗੰਡ 'ਚੋਂ ਖਾਧੇ ਤੱਤੇ ਗੁੜ ਦਾ ਸਵਾਦ
ਸ਼ੱਕਰ ਸੇਵੀਆਂ ਮਕਈ ਦੀ ਚੂਰੀ ਤੇ ਖੀਰਾਂ ਦੇ ਛੰਨੇ ਖਾਣਾ
ਚਾਟੀ ਦੀ ਲੱਸੀ ਤੇ ਚਿੱਬੜਾਂ ਦੀ ਚਟਨੀ ਨਾਲ ਮਿੱਸੀ ਰੋਟੀ ਖਾਣਾ
ਯਾਦ ਏ ਮਾਣਿਆ ਯਾਰਾਂ ਬੇਲੀਆਂ ਦਾ ਸੰਗ
ਗੁੜ ਨਾਲੋਂ ਇਸ਼ਕ ਮਿੱਠੇ ਦਾ ਰੰਗ।

ਟਿੱਬਿਆਂ 'ਤੇ ਦੌੜਨਾ ਲੋਟ-ਪੋਟ ਹੋਣਾ
ਚੀਚ ਵਹੁਟੀਆਂ ਦੀ ਮਖ਼ਮਲੀ ਛੋਹਾਂ ਦਾ ਅਨੰਦ ਲੈਣਾ
ਭੁੱਲਣ ਨਾ ਮਿੱਤਰਾਂ ਨਾਲ ਮਲ੍ਹਿਆਂ ਬੇਰੀਆਂ ਦੇ ਬੇਰ ਖਾਣਾ
ਲੱਪ ਕੁ ਪੀਲੂ ਦੇ ਪਿਆਰ ਗਲਵੱਕੜੀਆਂ ਦਾ ਨਿੱਘ ਲੈਣਾ
ਯਾਦ ਨੇ ਦਾਅ ਲਾ ਵਾੜਿਆਂ 'ਚੋਂ ਖ਼ਰਬੂਜ਼ੇ ਖੱਖੜੀਆਂ ਤੋੜਨੇ
ਛੋਲੀਏ ਦੇ ਬੂਟੇ, ਛੱਲੀਆਂ ਤੇ ਕਮਾਦ 'ਚੋਂ ਗੰਨੇ ਤੋੜਨੇ
ਯਾਦ ਨੇ ਕੁੱਕੜ-ਬਾਂਗ ਨਾਲ ਹਾਲੀਆਂ ਦਾ ਜੋਗਾ ਛੱਡਣਾ
ਬੀਬੀਆਂ ਦਾ ਚਾਟੀ 'ਚ ਮਧਾਣੀ ਪਾਉਣਾ, ਧਾਰਾਂ ਕੱਢਣਾ
ਯਾਦ ਏ ਹਰਟ ਦੀ ਗਾਧੀ ਤ ਬੈਠ ਬਲਦ ਹੱਕਣਾ
ਸੁਹਾਗੇ 'ਤੇ ਸਵਾਰ ਹੋ ਹਸਰਤ ਨਾਲ ਜਹਾਜ਼ਾਂ ਵੱਲ ਤੱਕਣਾ
ਯਾਦ ਨੇ ਨਚਾਰਾਂ, ਨਕਲੀਆਂ, ਕਵੀਸ਼ਰਾਂ ਦੇ ਅਖਾੜੇ
ਕੁੱਕੜਾਂ, ਭੇਡੂਆਂ, ਤਿੱਤਰਾਂ ਦੀਆਂ ਲੜਾਈਆਂ ਦੇ ਪਾੜੇ
ਯਾਦ ਏ ਚੂਚੇ, ਕਬੂਤਰ, ਤੋਤੇ, ਕਤੂਰੇ, ਖ਼ਰਗੋਸ਼ ਪਾਲਣੇ
ਸਿੱਖਿਆ ਸੀ ਕਿਵੇਂ ਹਰ ਇਕ ਨਾਲ ਪਿਆਰ ਨਿਭਾਲਣੇ।

ਭੁੱਲਦੀ ਨਹੀਂ ਵੇਖੀ ਜੋ ਸਿੱਟੇ ਚੁਗਦੀਆਂ ਬਾਲੜੀਆਂ ਦੀ ਖ਼ੁਆਰੀ
ਗੋਹਾ ਕੂੜਾ, ਸੇਪ, ਆਥੜੀ ਕਰਦੇ ਜਵਾਨਾਂ ਦੀ ਲਾਚਾਰੀ
ਸ਼ਾਹੂਕਾਰਾਂ ਵੱਲੋਂ ਕਿਰਤੀ ਕਿਸਾਨਾਂ ਦਾ ਲੁੱਟਣਾ
ਕਿਸਾਨਾਂ ਦਾ ਸੇਪੀਆਂ ਦੇ ਟੱਬਰਾਂ ਦਾ ਖੱਲ ਪੁੱਟਣਾ
ਭੁੱਲਦਾ ਨਹੀਂ ਬੀਰੋ ਦੀ ਭੱਠੀ 'ਤੇ ਬਾਲਣ ਝੋਕਣਾ
ਕਣਕ, ਜਵਾਰ, ਮਕਈ, ਛੋਲੇ, ਚੌਲਾਂ ਦੇ ਦਾਣੇ ਖਾਣਾ।

ਯਾਦ ਨੇ ਜਾਦੂ-ਟੂਣਾ, ਪੁੱਛਾਂ ਦੇਣ ਵਾਲਿਆਂ ਬਾਬਿਆਂ ਦੇ ਕਾਰੇ
ਚੇਲਿਆਂ, ਚਾਟੜਿਆਂ, ਵਹਿਮਾਂ 'ਚ ਫਸੀਆਂ ਬੀਬੀਆਂ ਦੇ ਜੈਕਾਰੇ
ਆਧੁਨਿਕ ਚਕਾਚੌਂਧ ਤੋਂ ਅੱਕ,
ਦਿਨ ਦੀ ਭੱਜ-ਦੌੜ ਤੋਂ ਥੱਕ
ਬੀਤੇ ਸਮੇਂ ਦੀਆਂ ਪੈੜਾਂ ਵਿਚੋਂ ਢੂੰਡਦਾ ਹਾਂ ਸਕੂਨ ਦੇ ਕੁਝ ਪਲ।

–

## ਹੁਸਨ

ਹੁਸਨ ਦੀ ਚਕਾਚੌਂਧ ਹਰ ਮਨ ਭਾਵੇ
ਹੁਸਨ ਦੀ ਹਰ ਅਦਾ ਮਨ ਲੁਭਾਵੇ।

ਹੁਸਨ ਦਾ ਹਰ ਕੋਈ ਬਣੇ ਮੁਰੀਦ
ਹੁਸਨ ਕੁਦਰਤ ਦੀ ਦਾਤ ਨਦੀਦ।

ਹੁਸਨ ਕਰ ਜਾਏ ਮਨ ਮਤਵਾਲੇ
ਹੁਸਨ ਖਿਡਾਵੇ ਖੇਲ ਨਿਰਾਲੇ।

ਹੁਸਨ ਜਵਾਨੀ ਦੇ ਰੰਗ ਅਨੇਕ
ਹੁਸਨ ਮੁਰਝਾਏ ਮਨਾਂ ਦੀ ਬਣੇ ਟੇਕ।

ਹੁਸਨ ਜਵਾਨੀ ਮਨ ਜੋਤ ਜਗਾਵੇ
ਹੁਸਨ ਦੀ ਲੋਅ ਰੂਹ ਖਿੜਾਵੇ।

ਹੁਸਨ ਦੀ ਝਲਕ ਅਨੇਕ ਤਰੰਗਾਂ ਫੈਲਾਵੇ
ਹੁਸਨ ਮਨ ਦੀ ਹਰ ਤਾਰ ਹਿਲਾਵੇ।

ਹੁਸਨ ਦਾ ਚੜ੍ਹ ਜਾਵੇ ਅਜਬ ਸਰੂਰ
ਹੁਸਨ ਵਾਲੇ ਹੋ ਜਾਵਣ ਮਗ਼ਰੂਰ।

ਹੁਸਨ ਕੋਮਲ ਅਹਿਸਾਸ ਜਗਾਵੇ
ਹੁਸਨ ਦੇਵੇ ਮਿਠਾਸ ਮਿੱਠੀ ਖ਼ੁਸ਼ਬੂ ਫੈਲਾਵੇ।

ਹੁਸਨ ਦੀ ਕਦਰ ਕਰਨ ਦਿਲ ਵਾਲੇ
ਹੁਸਨ ਦੀ ਨਜ਼ਾਕਤ ਸਮਝਣ ਦਿਲ ਵਾਲੇ।

ਹੁਸਨ ਕੁਦਰਤ ਦੀ ਵਿਲੱਖਣ ਦਾਤ
ਹੁਸਨ ਦੀ ਮਿਲੇ ਨਾ ਸਭ ਨੂੰ ਸੌਗਾਤ।

ਹੁਸਨ ਵਾਲੇ ਨਾ ਛੁਪਾਏ ਛੁਪਦੇ
ਹੁਸਨ ਵਾਲੇ ਪ੍ਰਤੱਖ ਪਏ ਦਿੱਸਦੇ।

ਹੁਸਨ ਕੁਦਰਤ ਦਾ ਉੱਤਮ ਵਰਦਾਨ
ਹੁਸਨ ਜੀਵਨ ਦਾ ਜੀਅ ਅਤੇ ਜਾਨ।

ਹੁਸਨ ਜੀਵਨ ਸੋਹਜ ਸਿਖਾਵੇ
ਹੁਸਨ ਕੋਮਲ ਦਿਲਾਂ ਨੂੰ ਤੜਪਾਵੇ।

ਹੁਸਨ ਵਿਖਾਵੇ ਮਨਮੋਹਣੇ ਜਲਵੇ
ਹੁਸਨ ਵਿਖਾਵੇ ਦਿਲ ਲੁਭਾਉਣਾ ਜਲਵੇ।

ਹੁਸਨ ਜਿਊਣ ਦੀ ਚਾਹ ਵਧਾਵੇ
ਹੁਸਨ ਬਿਨ ਜੀਵਨ ਨੀਰਸ ਹੋ ਜਾਵੇ।

ਹੁਸਨ ਤੋਂ ਜਾਵਣ ਸਭ ਬਲਿਹਾਰੇ
ਹੁਸਨ ਤਪਦੇ ਸੀਨੇ ਠਾਰੇ।

ਹੁਸਨ ਮਨ ਦੇ ਸੁੰਦਰ ਅਹਿਸਾਸ ਜਗਾਵੇ
ਹੁਸਨ ਫੈਲਾਵੇ ਰੋਸ਼ਨੀ ਜਗ ਸੋਹਣਾ ਬਣਾਵੇ।

ਹੁਸਨ ਦੀ ਜੋ ਸੱਚੀ ਉਸਤਤ ਕਰਦੇ
ਹੁਸਨ 'ਤੇ ਨਾ ਕਦੇ ਕਬਜ਼ੇ ਕਰਦੇ।

ਹੁਸਨ ਕਈ ਵਾਰ ਛਲ ਕਪਟ ਕਮਾਵੇ
ਹੁਸਨ ਕਈ ਵਾਰ ਉਲਟੇ ਨਾਚ ਨਚਾਵੇ।

ਹੁਸਨ ਜੀਵਨ ਲਈ ਸੁੰਦਰ ਫੁਲਵਾੜੀ
ਹੁਸਨ ਵੱਲ ਖਿੱਚੇ ਜਾਣ ਸਭੇ ਕੀ ਚਤਰ ਕੀ ਅਨਾੜੀ।

ਹੁਸਨ ਨੂੰ ਸੱਚੀ ਸੀਰਤ ਮਿਲ ਜਾਵੇ
ਹੁਸਨ ਦੀ ਮਲਿਕਾ ਪਿਆਰ ਦੀ ਮੂਰਤ ਬਣ ਜਾਵੇ।

–

## ਇੱਛਾ

ਕੁਦਰਤ ਹਰ ਵੇਲੇ ਕਰਵਟਾਂ ਲੈਂਦੀ ਰਹੇ
ਕਿਤੇ ਜੀਵਨ ਕਿਤੇ ਮੌਤ ਦਾ ਚੱਕਰ ਚਲਾਉਂਦੀ ਰਹੇ।

ਕਿਸੇ ਦੀ ਕਿਸ਼ਤੀ ਪਾਰ ਲਗਾਵੇ
ਕਿਸੇ ਦੀ ਮੰਝਧਾਰ ਵਿਚ ਡੋਬਦੀ ਜਾਵੇ।

ਕਿਤੇ ਪੈਂਦੀ ਮਿੰਨੀ ਫ਼ੁਹਾਰ ਮਨ ਖਿੜਾਵੇ
ਕਿਤੇ ਗੜੇ-ਮਾਰ ਅਤੇ ਝੱਖੜ ਕਿਸਾਨ ਰੁਲਾਵੇ।

ਜ਼ਿੰਦਗੀ ਕੁਦਰਤ, ਕੁਦਰਤ ਜ਼ਿੰਦਗੀ
ਪਲ-ਪਲ ਨਵੇਂ ਰੰਗ ਵਿਖਾਵੇ ਜ਼ਿੰਦਗੀ।

ਖ਼ੁਸ਼ੀ ਗ਼ਮੀ ਖੇਡਦੇ ਰਹਿਣ ਲੁਕਣ-ਮੀਟੀ
ਖ਼ੁਸ਼ੀ ਦੇ ਪਲ ਰੱਜ ਮਾਣੋ ਫਿਰ ਗ਼ਮਾਂ ਦੀ ਮਾਟੀ।

ਇਨਸਾਨ ਬੇਵੱਸ ਤੇ ਲਾਚਾਰ ਕੁਦਰਤ ਅੱਗੇ
ਵਰਤੇ ਲੱਖ ਸਿਆਣਪਾਂ ਪਰ ਹਾਰ ਜਾਵੇ ਕੁਦਰਤ ਅੱਗੇ।

ਕੁਦਰਤ ਸਾਡੇ ਤੇ ਅਸੀਂ ਕੁਦਰਤ ਦੇ ਸੰਗ ਖੇਡਦੇ ਜਾਈਏ
ਆਓ ਜਾਣੀਏ ਕੁਦਰਤ ਦੀ ਇੱਛਾ, ਇੱਛਾ ਪਾਲਦੇ ਜਾਈਏ॥

ਸੁਖ ਦੁੱਖ ਖ਼ੁਸ਼ੀ-ਗ਼ਮੀ ਜੀਵਨ ਦੇ ਸਭ ਰੰਗ
ਹਰ ਪਲ ਨੂੰ ਜੀ ਆਇਆਂ ਕਹਿ ਸਭ ਰੰਗ ਮਾਣਦੇ ਜਾਈਏ।
–

## ਹੁਸਨ ਦਾ ਜਲਵਾ

ਤੇਰੇ ਹੁਸਨ ਦੀ ਝਲਕ ਅਨੋਖਾ ਜਾਦੂ ਚਲਾ ਗਈ
ਸ਼ਾਂਤ ਮਨ ਵਿਚ ਅਜਬ ਹਲਚਲ ਮਚਾ ਗਈ।

ਤੇਰਾ ਦੀਦਾਰ ਕਰ ਮਨ ਬੌਰਾ ਭਟਕਦਾ ਫਿਰੇ
ਮਿਲੇ ਨਾ ਸਕੂਨ ਚੁਫੇਰੇ ਤੈਨੂੰ ਢੂੰਡਦਾ ਫਿਰੇ।

ਤੇਰ ਕੋਮਲ ਬੁੱਲ੍ਹਾਂ ਦੀ ਥਿਰਕਨ ਮਨ ਮੋਹ ਗਈ
ਮਿਸ਼ਰੀ ਜਿਹੇ ਬੋਲ ਕੰਨਾਂ ਵਿਚ ਸਮੋ ਗਈ।

ਤੇਰੇ ਮਖ਼ਮਲੀ ਅੰਗਾਂ ਦੇ ਮਟਕ ਹੁਲਾਰੇ
ਸਾਡੇ ਲਈ ਬਣ ਗਏ ਸਵਰਗ ਹੁਲਾਰੇ।

ਤੇਰੇ ਬਲੌਰੀ ਨੈਣਾਂ ਦੀ ਚਮਕ ਅੱਖਾਂ ਚੁੰਧਿਆਵੇ
ਦਿਸੇ ਨਾ ਕੁਝ ਹੋਰ ਚੌਪਾਸੇ ਤੇਰੀ ਸੂਰਤ ਛਾ ਜਾਵੇ।

ਤੇਰੀਆਂ ਸੰਧੂਰੀ ਗੱਲ੍ਹਾਂ ਦੇ ਦਿਲਕਸ਼ ਟੋਏ
ਸਾਡੇ ਲਈ ਬਣੇ ਘੁੰਮਣ-ਘੇਰੀ ਅਸੀਂ ਹੋਸ਼ ਖੋਏ।

ਤੇਰੀ ਹਰ ਭੋਲੀ-ਭਾਲੀ ਅਦਾ ਮਨ ਭਰਮਾਵੇ
ਮਨ ਤੂੰ ਅਜਬ ਸਕੂਨ ਧਰਵਾਸ ਦੇ ਜਾਵੇ।

ਤੇਰਾ ਹੁਸਨ ਅਨੇਕ ਉਮੰਗਾਂ ਜਗਾਵੇ
ਮਨ ਪਿਆਰ ਮੁਹੱਬਤ ਦੇ ਗੀਤ ਗੁਣਗੁਣਾਵੇ।

ਤੇਰੇ ਕੱਚੀ ਗਿਰੀ ਜਿਹੇ ਚਿੱਟੇ ਦੰਦਾਂ ਦੇ ਹਾਸੇ
ਖ਼ੁਸ਼ੀਆਂ ਖੇੜੇ ਬਖੇਰਨ ਚੁਪਾਸੇ।

ਤੇਰਾ ਦੀਦਾਰ ਕਰ ਅੱਖਾਂ ਬੰਦ ਕਰ ਲਵਾਂ,
ਮਨ ਲੋਚੇ ਤੇਰੀ ਸੂਰਤ ਅੱਖਾਂ ਵਿਚ ਵਸਾ ਲਵਾਂ।

ਤੇਰੇ ਗੁਲਾਬੀ ਚਿਹਰੇ 'ਤੇ ਝੂਮਦੀ ਜ਼ੁਲਫ਼ ਤੜਪਾਵੇ
ਰਸ਼ਕ ਕਰਦਾ ਏ ਮਨ ਖ਼ੁਦ ਜ਼ੁਲਫ਼ ਬਣ ਜਾਵੇ।

ਸਿਜਦਾ ਕਰਾਂ ਲੱਖ ਵਾਰ ਖ਼ੁਦਾ ਨੂੰ ਜਿਸ ਬਣਾਏ ਹੁਸੀਨ ਚਿਹਰੇ
ਮਨ 'ਚ ਨਵੀਂ ਤਰੰਗ, ਉਮੰਗ ਜਗਾਵਣ ਹੁਸੀਨ ਚਿਹਰੇ।

–

# ਇੰਤਜ਼ਾਰ

ਦਿਨ ਭਰ ਅੱਗ ਵਰ੍ਹਦੀ ਰਹੀ
ਦਿਨ ਭਰ ਝੁਲਸਦੀ ਰਹੀ ਲੋਕਾਈ
ਆਖ਼ਰ ਕੁਦਰਤ ਪਾਸਾ ਪਰਤਿਆ।

ਬੱਦਲ ਗਰਜੇ, ਬਿਜਲੀ ਚਮਕੀ, ਤੂਫ਼ਾਨ ਆਏ
ਚੁਫੇਰੇ ਗਰਦੋ-ਗੁਬਾਰ ਤੇ ਹਨੇਰੇ ਛਾਏ।
ਕੁਦਰਤ ਦੀ ਕਰੋਪੀ ਤੋਂ ਸਭ ਘਬਰਾਏ
ਪਈਆਂ ਫੁਹਾਰਾਂ ਤਾਂ ਸਭ ਮੁਸਕਰਾਏ।

ਗਰਦੋ-ਗੁਬਾਰ ਹਨੇਰਾ ਜਦ ਛੱਟ ਜਾਵੇ
ਧਰਤ ਦਾ ਹਰ ਜੀਵ ਖ਼ੁਸ਼ੀ ਮਨਾਵੇ
ਬੇਬੱਸ ਮਨ ਸੋਚਦਾ
ਕਦ ਭੁੱਖ ਦੁੱਖ ਦੀ ਗਰਮੀ ਬਣੂ ਜਵਾਲਾ
ਕਦ ਖ਼ੂਨ ਉਬਾਲੇ ਖਾਣਗੇ
ਕਦ ਹੋਵੇਗੀ ਉੱਥਲ-ਪੁੱਥਲ
ਕਦ ਹੋਵੇਗੀ ਜ਼ਮੀਰ ਆਜ਼ਾਦ।

ਕਦ ਹੋਵੇਗਾ ਜ਼ੁਲਮਾਂ ਜ਼ਾਲਮਾਂ ਦਾ ਅੰਤ
ਕਦ ਹੋਵੇਗਾ ਭੁੱਖ ਦੁੱਖ ਦਾ ਅੰਤ
ਕਦ ਹੋਵੇਗਾ ਹੱਕ ਸੱਚ ਦਾ ਬੋਲ-ਬਾਲਾ
ਕਦ ਹੋਵੇਗਾ ਕਿਰਤੀ ਕਿਸਾਨ ਜਿਊਣ ਜੋਗਾ
ਕਦ ਹੋਵੇਗਾ ਖ਼ਤਮ ਇੰਤਜ਼ਾਰ
ਕਦ ਹੋਵੇਗਾ ਖ਼ਤਮ ਇੰਤਜ਼ਾਰ।
–

# ਆਮ ਸ਼ਹਿਰੀ

ਹੱਡੀਆਂ ਦੀ ਮੁੱਠ ਮਾੜਕੂ ਸਰੀਰ
ਮੁਰਝਾਏ ਬੇਰੌਣਕੇ ਚਿਹਰੇ
ਅੱਖਾਂ 'ਤੇ ਮੋਟੇ ਚਸ਼ਮੇ
ਮੱਲੀ ਬੈਠੇ ਨੇ ਸ਼ਹਿਰ ਦਾ ਚੱਪਾ-ਚੱਪਾ

ਗਲੀਆਂ ਦੀਆਂ ਨੁੱਕਰਾਂ
ਉੱਜੜੇ ਖੂਹਾਂ ਦੀ ਮੌਣਾਂ
ਘਰਾਂ ਦੀਆਂ ਪੌੜੀਆਂ
ਫੁੱਟਪਾਥ, ਕੰਧਾਂ, ਕੌਲੇ ਤੇ ਚੁਰਾਹੇ
ਹਰ ਜਗ੍ਹਾ ਪੱਸਰ ਜਾਵਨ
ਛੋਟੀਆਂ ਦੁਕਾਨਾਂ ਤੇ ਫੜ੍ਹੀ ਵਾਲੇ।

ਬੇਬਸ ਤੇ ਲਾਚਾਰ ਸ਼ਹਿਰੀ
ਬਣਾਉਂਦੇ ਨੇ ਕੋਈ ਜੁਗਾੜ
ਚਾਰ ਦਮੜੇ ਕਮਾਉਣ ਦਾ
ਪੇਟ ਦੀ ਅੱਗ ਬੁਝਾਉਣ ਦਾ

ਮਨ ਮਸੋਸ ਜਾਂਦਾ ਏ
ਜੀਵਨ ਜਦੋਂ ਗੀਂਗਦਾ ਦੇਖਾਂ
ਭੁੱਖ ਦੇ ਸਤਾਏ ਕੁਪੋਸ਼ਣ ਦਾ ਸ਼ਿਕਾਰ
ਬੰਧੂਆ ਮਜ਼ਦੂਰ ਬਣ ਜਾਵਣ ਬੱਚੇ
ਦਿਨ ਭਰ ਸਹਿੰਦੇ ਨੇ ਬਦਸਲੂਕੀਆਂ
ਬਚਪਨ ਕਰਜ਼ ਦੀ ਬਲੀ ਚੜ੍ਹ ਜਾਵੇ

ਵਾਪਰੇ ਕੋਈ ਹਾਦਸਾ ਜਾਂ ਬੀਮਾਰੀ ਆਵੇ
ਛੱਲੀ ਪੂਣੀ ਵਿਕ ਜਾਵੇ ਇਲਾਜ ਨਾ ਹੋਵੇ
ਰਿੜ-ਖਿੜ ਜਵਾਨ ਹੋਈਆਂ ਬਾਲੜੀਆਂ
ਚੰਦ ਸਿੱਕਿਆਂ ਬਦਲੇ ਸਭ ਕੁਝ ਲੁਟਾਵਣ
ਮਨਚਲੇ ਗਭਰੂਆਂ, ਦਲਾਲਾਂ ਤੇ ਸ਼ਾਹੂਕਾਰਾਂ ਲਈ
ਐਸ਼ੋ-ਇਸ਼ਰਤ ਦਾ ਸਮਾਨ ਬਣ ਜਾਵਣ

ਕਿਥੇ ਜਾਵੇ, ਕੀ ਕਰੇ ਆਮ ਸ਼ਹਿਰੀ
ਦਿਸੇ ਨਾ ਕੋਈ ਰਸਤਾ ਕਿਸ ਨੂੰ ਹਾਲ ਸੁਣਾਵੇ
ਸਮੇਂ ਦੇ ਹਾਕਮ ਦੇਵਣ ਝੂਠੇ ਦਿਲਾਸੇ
ਆਮ ਸ਼ਹਿਰੀ ਦਾ ਜੀਵਨ ਕਿਸ ਭਰਵਾਸੇ ?

–

## ਧਰਤੀ ਦੀ ਪੁਕਾਰ

ਵੇਖ ਚੁਫੇਰੇ ਕਾਲਖਾਂ ਮਨ ਡਾਢਾ ਰੋਇਆ
ਧਰਤੀ ਮਾਂ ਦੀ ਛਾਤੀ ਨੂੰ ਮੂਰਖਾਂ ਕਿਉਂ ਲਾਂਬੂ ਲਾਇਆ।

ਧਰਤੀ ਮਾਂ ਦੀ ਚੀਖ ਪੁਕਾਰ ਮੈਨੂੰ ਪਵੇ ਸੁਣਾਈ
ਸਾੜੇ ਕਿਉਂ ਮੇਰੇ ਜੀਵ-ਜੰਤ ਮਾਂ ਦੇਵੇ ਦੁਹਾਈ।

ਵਾਹ ਓਏ ਖ਼ੁਦਗ਼ਰਜ਼ ਪੁੱਤਰੋ, ਤੁਸੀਂ ਕਰੋ ਪੁੱਠੇ ਕਾਰੇ
ਮੈਂ ਭਰੇ ਤੁਹਾਡੇ ਅੰਨ ਭੰਡਾਰ ਤੁਸੀਂ ਮੇਰਾ ਸੀਨਾ ਲੂਹ ਬਦਲੇ ਤਾਰੇ।

ਲੱਖ ਰੋਕਣ ਸਮਝਾਂ ਵਾਲੇ ਨਾੜ ਨੂੰ ਨਾ ਲਾਂਬੂ ਲਾਵੋ
ਨਾ ਕਰੋ ਧਰਤੀ ਮਾਂ ਦ ਬੁੱਕਲ ਦੂਸ਼ਿਤ ਵਾਤਾਵਰਣ ਬਚਾਵੋ।

ਫ਼ਸਲੀ ਰਹਿੰਦ-ਖੂੰਹਦ ਨੂੰ ਸਲੀਕੇ ਨਾਲ ਟਿਕਾਣੇ ਲਗਾਵੋ
ਅੱਗਾਂ ਲਾ ਕੇ ਜੀਵ-ਜੰਤ ਲਈ ਨਾ ਸਿਵੇਂ ਬਣਾਵੋ।

ਧਰਤੀ ਸਾਡੀ ਮਾਂ, ਅਸੀਂ ਪੁੱਤਰ ਦਾ ਫ਼ਰਜ਼ ਪਛਾਣੀਏ
ਵਿਗਿਆਨਕ ਯੁੱਗ ਹੈ ਗਿਆਨ ਲੈ ਧਰਤੀ ਦੀ ਕਦਰ ਜਾਣੀਏ।

ਜਾਗੋ ਕਾਨੂੰਨ ਦੇ ਰਖਵਾਲਿਓ ਸੁਣੋ ਮਾਂ ਦੀ ਪੁਕਾਰ
ਸ਼ੈਤਾਨਾਂ, ਖ਼ੁਦਗ਼ਰਜ਼ਾਂ ਨੂੰ ਮੱਤ ਦੇਵੋ ਨਾ ਬਣੋ ਲਾਚਾਰ।

ਵੇਖ ਚੁਫੇਰੇ ਕਾਲਖਾਂ ਮਨ ਡਾਢਾ ਰੋਇਆ
ਧਰਤੀ ਮਾਂ ਦੀ ਛਾਤੀ ਨੂੰ ਮੂਰਖਾਂ ਕਿਉਂ ਲਾਂਬੂ ਲਾਇਆ।
–

## ਸਮੇਂ ਨੂੰ

ਸਮੇਂ ਤੂੰ ਮੈਨੂੰ ਆਪਣੇ ਹਾਣ ਦਾ ਰੱਖੀਂ
ਕਰਾਂ ਇਹ ਬੇਨਤੀ ਮੇਰਾ ਮਾਣ ਤੂੰ ਰੱਖੀਂ।

ਚੁਨੌਤੀਆਂ ਦਾ ਕਰਾਂ ਡਟ ਸਾਹਮਣਾ
ਇਤਨੀ ਕੁ ਮੇਰੇ ਵਿਚ ਜਾਨ ਤੂੰ ਰੱਖੀਂ।

ਸੁਹਣੇ ਪਲਾਂ ਨੂੰ ਰੱਜ ਮਾਣਾ
ਸੁਹਜ-ਸਵਾਦ ਆਣ-ਬਾਣ ਕਾਇਮ ਤੂੰ ਰੱਖੀਂ।

ਸਮੇਂ ਜੇ ਹੋਵਣ ਡਾਢੇ, ਕਾਲੇ ਬੱਦਲ ਆਵਣ
ਦਿਲ ਵਿਚ ਚਾਨਣ ਹੌਸਲੇ ਬੁਲੰਦ ਤੂੰ ਰੱਖੀਂ।

ਸਮੇਂ ਦੀਆਂ ਭੁੱਲ-ਭੁਲਾਈਆਂ ਟੇਢੇ ਪੈਂਡਿਆਂ ’ਤੇ
ਸਬਰ ਸੰਤੋਖ ਤੇ ਅਕਲ ਦੀ ਜੋਤ ਜਗਾਈ ਰੱਖੀਂ।

ਸਮੇਂ ਤੇਰੇ ਹੱਥ ਦੀ ਕਠ-ਪੁਤਲੀ ਹਾਂ ਮੈਂ
ਮਿਹਰ ਕਰੀਂ ਜੀਵਨ ਭਰ ਦਿਲ-ਖਿੱਚਵਾਂ ਨਾਚ ਜਾਰੀ ਰੱਖੀਂ।

–

# ਅਜੋਕੇ ਮਸੀਹਾ

ਲੋਕਾਂ ਵਿਚ ਲੋਕਾਂ ਦੇ ਮਸਲੇ ਉਛਾਲਦਾ ਰਿਹਾ
ਛਲੇਡਾ ਬਣ ਪੇਟ ਆਪਣਾ ਪਾਲਦਾ ਰਿਹਾ।

ਸ਼ਾਤਰ ਦਿਮਾਗ਼ ਨਬਜ਼ ਸਮੇਂ ਦੀ ਪਛਾਣੇ
ਕਿਰਤੀ ਕਿਸਾਨਾਂ, ਸ਼ਾਹੂਕਾਰਾਂ, ਸਿਆਸਤਦਾਨਾਂ ਦੇ ਮਨ ਦੀ ਜਾਣੇ।

ਜਿਥੇ ਵੀ ਜਾਵੇ ਬੋਲੀ ਉਥੋਂ ਦੀ ਬੋਲੇ
ਨੌਟੰਕੀ-ਬਾਜ਼ ਬੜੀ ਅਦਾ ਨਾਲ ਬਦਲੇ ਚੋਲੇ।

ਪਵੇ ਜਦੋਂ ਭੀੜ ਹਕੀਕਤਾਂ ਦਾ ਸਾਹਮਣਾ ਕਰਨਾ ਪਵੇ
ਮੌਕਾਪ੍ਰਸਤ ਭੋਲਾ ਅਣਜਾਣ ਬਣ ਜਾਵੇ।

ਦਿੱਤੀ ਨਾ ਕੋਈ ਕੁਰਬਾਨੀ ਝੂਠੀ ਲੀਡਰੀ ਚਮਕਾਵੇ
ਆਪਣੇ ਆਲੇ-ਦੁਆਲੇ ਚਾਪਲੂਸਾਂ ਦਾ ਟੋਲਾ ਬਣਾਵੇ।

ਫਸਦਾ ਨਾ ਕਾਨੂੰਨੀ ਜਾਲ ਵਿਚ ਨਾ ਲੋਕ ਰੋਹ ਦਾ ਸ਼ਿਕਾਰ ਹੋਵੇ
ਪਾ ਕੇ ਲੋਕ ਹਿਤਾਂ ਦੀ ਦੁਹਾਈ ਮੱਕਾਰ ਮਸੀਹਾ ਕਹਾਵੇ।

ਚਾਲਬਾਜ਼ ਲੂੰਬੜ ਆਪਣੇ ਮਕਸਦ ਲਈ ਚਾਲਾਂ ਚੱਲਣ
ਦੇਵਣ ਨਾ ਕੋਈ ਕੁਰਬਾਨੀ ਫਿਰ ਵੀ ਮਸੀਹਾ ਅਖਵਾਉਣ।

–

# ਪੰਜਾਬ ਬਚਾ ਲਓ

ਮੇਰੇ ਸੋਹਣੇ ਵੀਰ ਪੰਜਾਬੀਓ
ਛੈਲ-ਛਬੀਲੇ ਸ਼ੇਰ ਪੰਜਾਬੀਓ
ਪੰਜ ਦਰਿਆਵਾਂ ਦੀ ਧਰਤ ਤੇ ਵਾਰਸ ਪੰਜਾਬੀਓ
ਹੋਸ਼ ਕਰੋ ਵੀਰ ਪੰਜਾਬੀਓ ਪੰਜਾਬ ਬਚਾ ਲਓ।

ਦੁੱਧ ਘਿਉ ਦੀਆਂ ਨਦੀਆਂ ਤੋਂ ਮੂੰਹ ਮੋੜ ਵੀਰੋ
ਕਿਉਂ ਨਸ਼ਿਆਂ ਦੇ ਦਰਿਆ ਵਹਾਉਣ ਲੱਗੇ
ਦੇਸ਼ ਨੂੰ ਮਾਣ ਤੁਹਾਡੇ ਫ਼ੌਲਾਦੀ ਡੌਲਿਆਂ 'ਤੇ ਬਾਂਕੇ ਵੀਰੋ
ਸਰਹੱਦਾਂ ਦੇ ਪਹਿਰੇਦਾਰੋ ਕਿਉਂ ਦੇਸ਼ ਦੀ ਸ਼ਾਨ ਘਟਾਉਣ ਲੱਗੇ।

ਦੁਸ਼ਮਣ ਦੀਆਂ ਅੱਖਾਂ ਵਿਚ ਰੜਕਦੇ ਸਦਾ ਪੰਜਾਬੀ
ਪਹਿਲਾਂ ਅੱਤਵਾਦ-ਵੱਖਵਾਦ,
ਹੁਣ ਨਸ਼ਿਆਂ ਨਾਲ ਬਰਬਾਦ ਕਰਨ ਲੱਗੇ।

ਬਚ ਜਾਓ ਸ਼ੈਤਾਨੀ ਚਾਲਾਂ ਤੋਂ ਛੱਡ ਦਿਉ ਨਸ਼ੇ ਵੀਰੋ,
ਕਿਉਂ ਭੁੱਕੀਆਂ, ਸਮੈਕਾਂ, ਕੈਪਸੂਲਾਂ ਵਿਚ ਗ਼ਰਕ ਹੋਣ ਲੱਗੇ
ਪਹਿਚਾਣੋਂ ਆਪਣੇ ਅਮੀਰ ਵਿਰਸੇ ਨੂੰ ਪੰਜਾਬੀ ਵੀਰੋ
ਰਿਸ਼ੀਆਂ-ਮੁਨੀਆਂ, ਪੀਰਾਂ-ਫ਼ਕੀਰਾਂ ਦੇ ਫ਼ਲਸਫ਼ੇ ਕਿਉਂ ਭੁਲਾਉਣ ਲੱਗੇ।

ਨਸ਼ੇ, ਆਲਸ ਤੇ ਕੰਮਚੋਰੀ ਛੱਡ ਕਿਰਤ ਕਰੋ, ਕਿਰਤ ਹੀ ਪੂਜਾ ਵੀਰੋ
ਸੋਨਾ ਉਗਲਦੀ ਧਰਤ ਛੱਡ ਕਿਉਂ ਵਿਦੇਸ਼ਾਂ 'ਚ ਧੱਕੇ ਖਾਣ ਲੱਗੇ
ਹੋਸ਼ ਕਰੋ ਵੀਰ ਪੰਜਾਬੀਓ, ਪੰਜਾਬ ਬਚਾ ਲਓ
ਨਸ਼ਿਆਂ ਦੀ ਲਾਹਨਤ ਛੱਡ ਦੇਸ਼ ਖ਼ੁਸ਼ਹਾਲ ਬਣਾ ਲਉ।
–

## ਸਮੇਂ ਦੇ ਸੱਚ

ਸਾਹਿਤਕਾਰ ਉੱਚੇ ਆਦਰਸ਼ ਲੈ ਗੋਸ਼ਟੀਆਂ ਕਰਦੇ
ਮਗਰੋਂ ਦਾਰੂ ਪੀ ਮੁਰਗੇ ਖਾ ਗਵਾਰਾਂ ਵਾਂਗ ਨੇ ਲੜਦੇ।

ਰਿਸਦੇ ਜ਼ਖ਼ਮਾਂ, ਲੋਕ-ਪੀੜਾਂ ਦੇ ਰੋਣੇ ਰੋਵਣ
ਪਵੇ ਭੀੜ ਤਾਂ ਅੱਖਾਂ ਬੰਦ ਕਰ ਲੰਘ ਜਾਵਣ।

ਨਾਰੀ ਸੋਸ਼ਣ, ਭਰੂਣ ਹੱਤਿਆ ਦੇ ਹੋਕੇ ਦੇਵਣ
ਆਪਣੀ ਨੂੰਹ ਰਾਣੀ ਨੂੰ ਦਾਜ ਦੀ ਬਲੀ ਚੜ੍ਹਾਵਣ।

ਕਸੀਦੇ ਪਿਆਰ, ਮੁਹੱਬਤਾਂ ਰਿਸ਼ਤੇ-ਨਾਤਿਆਂ ਦੇ ਗਾਵਣ
ਘਰ ਆਵੇ ਪ੍ਰਾਹੁਣਾ ਤਾ ਚਲਿੱਤਰ ਵਿਖਾਵਣ।

ਗੱਲ ਬਾਲ-ਮਜ਼ਦੂਰ, ਕਿਰਤੀ ਕਿਸਾਨ ਸੋਸ਼ਣ ਦੀ ਕਰਦੇ
ਆਪਣੀ ਕੋਠੀ, ਕਾਰਖ਼ਾਨੇ ਦੁਕਾਨਾਂ ਤੇ ਮੁੰਡੂ ਭਰਤੀ ਕਰਦੇ।

ਝੁੱਗੀਆਂ ਝੌਂਪੜੀਆਂ ਵਿਚ ਜਾ ਲੀਡਰ ਭਾਸ਼ਣ ਦੇਵਣ
ਵੋਟਾਂ ਬਟੋਰ ਸਿੰਘਾਸਨ ਚੜ੍ਹ ਸਭ ਵਾਅਦੇ ਭੁੱਲ ਜਾਵਣ।

ਰਾਜਨੇਤਾ, ਧਰਮ-ਗੁਰੂ, ਅਫ਼ਸਰਸ਼ਾਹ ਦੇਸ਼ ਦੀ ਕਰਨ ਅਗਵਾਈ
ਜਨਤਾ ਦੇ ਧਨ, ਇਜ਼ਤ, ਆਬਰੂ ਦੀ ਕਰਨ ਸਫ਼ਾਈ।

ਲਾਹਨਤ ਏ ਪਖੰਡੀ ਲੀਡਰਾਂ ਗੁਰੂਆਂ ਦੀ ਖ਼ੁਸ਼ਾਮਦ ਕਰਨੀ
ਲੋੜ ਏ ਸਮੇਂ ਦੇ ਸੱਚ ਦੀ ਪਛਾਣ ਕਰਨੀ।
–

## ਜਾਗੋ ਦੇਸ਼ ਵਾਸੀਓ

ਜਾਗੋ ਜਾਗੋ ਦੇਸ਼ ਵਾਸੀਓ
ਹੁਸ਼ਿਆਰ ਹੋ ਜਾਵੋ
ਬੁੱਧੀਜੀਵੀ ਤੇ ਆਮ ਲੋਕੋ!
ਹੁਸ਼ਿਆਰ ਹੋ ਜਾਵੋ।

ਸਮਾਜ ਨੂੰ ਖਾ ਚੱਲਿਆ ਏ
ਦਹਿਸ਼ਤਵਾਦ, ਕੱਟੜਪੁਣੇ, ਰਿਸ਼ਵਤਖ਼ੋਰੀ ਦਾ ਜਿੰਨ
ਨਾ ਮਨਾਵੋ ਖ਼ੁਸ਼ੀਆਂ ਦੂਜਿਆਂ ਦੇ ਘਰ ਉਜਾੜ
ਨਾ ਵਧਾਵੋ ਕਬਜ਼ੇ ਦੂਜਿਆਂ ਦੇ ਹੱਕ ਖੋਹ
ਨਾ ਪਾਵੋ ਧਰਮ ਦੀਆਂ ਵੰਡੀਆਂ
ਨਾ ਵੇਚੋ ਆਪਣਾ ਦੀਨ ਈਮਾਨ
ਦੇਸ਼ ਵਾਸੀਓ, ਹੁਸ਼ਿਆਰ ਹੋ ਜਾਵੋ
ਸਮੇਂ ਦੀ ਲੋੜ ਹੈ ਚੁਕੰਨੇ ਹੋਈਏ
ਆਪਣਾ ਚੌਗਿਰਦਾ ਦੂਸ਼ਿਤ ਹੋਣੋ ਬਚਾਈਏ।

ਜਾਗੋ, ਜਾਗੋ, ਸਭੇ ਜਾਗੋ
ਸਮਾਜ ਦੁਸ਼ਮਣ ਅਨਸਰ ਪਛਾਣੋ
ਉਹਨਾਂ ਦੀਆਂ ਕੋਝੀਆਂ ਚਾਲਾਂ ਜਾਣੋ
ਛੱਡ ਦਿਉ ਸਵਾਰਥ, ਕਮੀਨਾਪਣ
ਚੰਦ ਸਿੱਕਿਆਂ ਬਦਲੇ ਬਣੋ ਨਾ ਮਾਲ ਮੰਡੀ ਦਾ
ਪਹਿਚਾਣੋ ਹਰ ਸਫ਼ 'ਚ ਵੜੇ ਗ਼ੱਦਾਰਾਂ ਨੂੰ
ਕਰੋ ਬੇਨਕਾਬ, ਸ਼ਰਮਿੰਦਾ ਕਰੋ ਹਰਾਮ ਖ਼ੋਰਾਂ ਨੂੰ
ਥੋੜ੍ਹੀਆਂ ਸੁਖ-ਸਹੂਲਤਾਂ ਲਈ ਨਾ ਈਮਾਨ ਲੁਟਾਵੋ।

ਗ਼ਰਕ ਚੱਲਿਆ ਏ ਸਮਾਜ
ਬਚਦਾ ਹੈ ਤਾਂ ਬਚਾਅ ਲਓ
ਜਾਗੋ, ਜਾਗੋ ਦੇਸ਼ ਵਾਸੀਓ
ਸਭ ਹੁਸ਼ਿਆਰ ਹੋ ਜਾਵੋ।

–

## ਪ੍ਰਣ

ਮੈਂ ਪ੍ਰਣ ਕਰਦਾ ਹਾਂ
ਲੋੜਾਂ ਦੀ ਪੂਰਤੀ ਲਈ
ਆਪਣੀਆਂ ਹੀ ਨਜ਼ਰਾਂ ਵਿਚ ਨਹੀਂ ਡਿੱਗਾਂਗਾ।

ਮੈਂ ਨਹੀਂ ਵਰਤਾਂਗਾ ਹੱਥਕੰਡੇ
ਮਕਸਦ ਦੀ ਪੂਰਤੀ ਲਈ
ਸੱਚੀ-ਸੁੱਚੀ ਕਾਰ ਮੈਂ ਕਰਾਂਗਾ।

ਮੈਂ ਆਪਣੇ ਪਸੀਨੇ ਨਾਲ ਧੋਵਾਂਗਾ
ਮੂੰਹ 'ਤੇ ਪੁਤੀ ਕਾਲਖ
ਹੱਡ-ਭੰਨਵੀਂ ਕਾਰ ਮੈਂ ਕਰਾਂਗਾ।

ਮੈਂ ਆਪਣੇ ਹੱਥਾਂ ਨੂੰ ਬਣਾ ਛੈਣੀ
ਸੀਨੇ ਚੀਰ ਪਹਾੜਾਂ ਦੇ
ਆਪਣੀ ਮੰਜ਼ਿਲ ਦੇ ਰਾਹ ਖ਼ੁਦ ਬਣਾਵਾਂਗਾ।

ਮੈਂ ਹੈਂਕੜ ਦੀ ਸਰਦਲ 'ਤੇ ਨਹੀਂ ਟੇਕਾਂਗਾ ਗੋਡੇ
ਆਪਣੇ ਸਿਰੜ ਤੇ ਸਿਦਕ ਨਾਲ
ਅੱਖੜ ਦਰਿਆਵਾਂ ਦੇ ਰੁਖ ਮੋੜ ਦੇਵਾਂਗਾ।

ਮੈਂ ਪਹਿਚਾਣਾਂਗਾ ਹਰ ਸਫ਼ 'ਚ ਵੜੇ ਸਪੋਲੀਏ
ਫੇਹ ਦੇਵਾਂਗਾ ਹਰਾਮਖ਼ੋਰਾਂ ਦੀ ਸਿਰੀ
ਬੇਬਸ, ਭੋਲੇ ਲੋਕਾਂ ਦਾ ਦਰਦ ਵੰਡਾਵਾਂਗਾ।

ਮੈਂ ਸਰਬੰਸ ਦਾਨੀ ਦੇ ਫ਼ਸਲਫ਼ੇ ’ਤੇ ਚੱਲ
ਚਿੜੀਆਂ ’ਚ ਨਵੀਂ ਰੂਹ ਫੂਕ ਬਾਜਾਂ ਨਾਲ ਟਕਰਾਵਾਂਗਾ
ਤਨ, ਮਨ, ਧਨ ਦੇਸ਼ ਤੋਂ ਵਾਰ ਰਾਹ ਰੁਸ਼ਨਾਵਾਂਗਾ।

ਮੈਂ ਪ੍ਰਣ ਕਰਦਾ ਹਾਂ
ਆਖ਼ਰੀ ਦਮ ਤਕ ਸੰਘਰਸ਼ ਜਾਰੀ ਰੱਖ
ਖ਼ੁਸ਼ਹਾਲੀ ਦੇ ਸੁਪਨੇ ਸਾਕਾਰ ਕਰਾਂਗਾ।

–

## ਭੇਤ

ਚੁੱਪ ਕਰ ਬੈਠੋ
ਕਿਉਂ ਤਰਲੋ-ਮੱਛੀ ਹੁੰਦੇ ਓ
ਇਥੇ ਨਹੀਂ ਬਦਲਣਾ ਕੁਝ
ਕਿਉਂ ਵਕਤ ਗਵਾਉਂਦੇ ਹੋ।

ਡਾਢੀ ਖਿਝ ਚੜ੍ਹਦੀ ਏ
ਮੇਰਾ ਖ਼ੂਨ ਖੌਲ ਉੱਠਦਾ ਏ
ਨਿਪੁੰਸਕ ਸੋਚ ਵਾਲੇ
ਕਾਂਵਾਂ-ਰੌਲੀ ਜਦ ਪਾਉਂਦੇ ਨੇ।

ਹਿੰਮਤ, ਹੌਸਲੇ, ਸੰਘਰਸ਼ਾਂ ਤੋਂ ਮੂੰਹ ਮੋੜ
ਵਿਹਲੜ, ਹਰਾਮਖ਼ੋਰ ਕੋਝੀਆਂ ਦਲੀਲਾਂ ਘੜਨ
ਕੰਮ ਨਾ ਕਰਨ ਦੀਆਂ ਜੁਗਤਾਂ ਬਣਾਉਂਦੇ ਨੇ।

ਸੋਹਲੇ ਗਾਉਂਦੇ ਨੇ ਵਿਦੇਸ਼ਾਂ ’ਚ ਖ਼ੁਸ਼ਹਾਲੀ ਦੇ
ਤਤਪਰ ਹਨ ਉੱਧਰ ਦੌੜ ਚੱਲੀਏ
ਉਥੇ ਜਾ ਭੇਤ ਇਹ ਖੁੱਲ੍ਹਦਾ ਏ
ਸਖ਼ਤ ਮਿਹਨਤ ਮੁਸ਼ੱਕਤ ਨਾਲ ਸਵਰਗ ਬਣਦਾ ਏ।

–

# ਇਕ ਲਾਸ਼

ਲੋਕਾਂ ਦੀ ਭੀੜ
ਜਮ੍ਹਾਂ ਸੀ ਸੜਕ 'ਤੇ
ਪਤਾ ਨਹੀਂ ਕਿਸ ਦੀ
ਲਾਸ਼ ਪਈ ਸੀ
ਵੱਖੋ ਵੱਖ ਕਿਆਫ਼ੇ ਲਾ ਰਹੇ ਸਨ।
ਇਹ ਤਾਂ ਪਾਗ਼ਲ ਸੀ।
ਠੰਡ ਨਾਲ ਆਕੜ ਗਿਆ
ਕੋਈ ਕਹੇ
ਇਹ ਪੁਲਿਸ ਦਾ ਦੋਸ਼ ਹੈ
ਅੱਤਵਾਦੀ ਕਹਿ ਮਾਰ ਕੇ ਸੁੱਟ ਗਏ ਹੋਣੇ।

ਇੰਨੇ ਚਿਰ ਵਿਚ
ਇਕ ਪਾਗ਼ਲ ਕਵੀ ਉਥੇ ਆਣ ਪੁੱਜਾ।
ਸ਼ਾਇਦ ਕਵੀ
ਨੂੰ ਮੁਰਦਿਆਂ ਨਾਲ
ਵੀ ਪਿਆਰ ਸੀ
ਲੋਕਾਂ ਨੂੰ ਕਹਿਣ ਲੱਗਾ
"ਦੋਸਤੋ, ਮੈਨੂੰ ਵੀ
ਦਰਸ਼ਨ ਕਰ ਲੈਣ ਦਿਉ"
ਸਾਰੇ ਹੱਸ ਪਏ
ਕੀ ਲੈਣਾ ਉਏ ਤੂੰ ਦਰਸ਼ਨ ਕਰ ?
ਪਰ ਧੱਕੇ ਖਾਂਦਾ
ਉਹ ਅੱਗੇ ਵਧਿਆ।

ਪਾਗ਼ਲ ਕਵੀ ਜਿਸ ਨਾਲ
ਜਿਉਂਦੇ ਇਨਸਾਨ
ਗੱਲ ਨਹੀਂ ਸਨ ਕਰਦੇ
ਜਿਸ ਨਾਲ ਬੇਜਾਨ
ਚੀਜ਼ਾਂ ਗੱਲਾਂ ਕਰਦੀਆਂ ਸਨ।

ਲਾਸ਼ ਦੇ ਕੋਲ
ਬੈਠ ਪੁੱਛਣ ਲੱਗਾ
"ਤੂੰ ਕਿੱਦਾਂ ਮੋਇਆ"
ਲਾਸ਼ ਕੁਝ ਹਿੱਲੀ
ਅੱਖਾਂ ਖੋਲ੍ਹੀਆਂ
ਪਰ ਮੂੰਹੋਂ ਕੁਝ ਨਾ ਬੋਲੀ।

ਫਿਰ ਪਾਗ਼ਲ ਨੇ
ਅੱਖਾਂ ਜੋ ਡੂੰਘੀਆਂ ਸਨ
ਤੋਂ ਪੁੱਛਿਆ
ਇਹ ਕਿਉਂ ਮੋਇਆ
ਅੱਖਾਂ ਨੇ ਮੁਸਕਰਾ
ਉੱਤਰ ਦਿੱਤਾ
"ਇਹ ਵੀ ਤੇਰੇ ਵਰਗਾ
ਡੂੰਘਾ ਵੇਖਦਾ
ਸੀ ਹਰ ਦਿਲ ਵਿਚ
ਕਿਨਾਰੇ ਲਾ ਦਿੱਤਾ"।

ਲਾਸ਼ ਮੂੰਹੋਂ ਨਹੀਂ ਬੋਲੀ
ਸ਼ਾਇਦ ਬੀਤੇ ਸਮੇਂ ਨੇ
ਮੂੰਹ ਖੋਲ੍ਹਣ ਦੀ ਇਜਾਜ਼ਤ
ਨਹੀਂ ਦਿੱਤੀ ਸੀ

ਬਾਹਵਾਂ ਹਿੱਲੀਆਂ
ਜੋ ਸੁੱਕੀਆਂ ਸਨ
ਹੱਥ ਖੁਰਦਰੇ ਸਨ,
ਆਪ ਮੁਹਾਰੇ ਬੋਲੀਆਂ
"ਸਾਨੂੰ ਆਦਤ
ਸੀ ਲੋਕ ਸੇਵਾ ਕਰਨ ਦੀ
ਲੋਕ ਸੇਵਾ ਕਰਵਾਉਣੋਂ ਸਨ ਡਰਦੇ
ਸੇਵਾ ਦੋਵੇਂ ਤਰ੍ਹਾਂ ਦੀ ਸਨ ਕਰ ਸਕਦੀਆਂ
ਪਰ ਲੋਕਾਂ ਡਰਦਿਆਂ ਕਿਨਾਰੇ ਲਾ ਦਿੱਤਾ"

ਢਿੱਡ ਵਿਚ ਵੀ ਸ਼ਾਇਦ ਕੁਝ ਗੜਬੜ ਸੀ
ਨਿਤਾਨਾ ਬੋਲ ਉੱਠਿਆ
ਮੈਨੂੰ ਕੱਟ ਲੋਟੂਆਂ ਖਾਧਾ
ਇਹ ਫਾਕਾ ਮੋਇਆ।

ਮਜ਼ਬੂਤ ਪੱਟਾਂ ਤੋਂ ਜਜ਼ਬੇ ਗਏ ਨਾ ਠੱਲੇ
ਕਹਿਣ ਲੱਗੇ
"ਇਸ ਪਾਗ਼ਲ ਨੇ ਸਾਨੂੰ ਜੋ ਹੁਕਮ ਦਿੱਤਾ,
ਅਸੀਂ ਪੂਰਾ ਕੀਤਾ
ਸਾਰੀ ਉਮਰ ਰਿਹਾ ਭੱਜਦਾ
ਸਾਡੇ ਪਈਆਂ ਖੱਲੀਆਂ
ਸੱਚੀ ਮੰਜ਼ਿਲ ਦਾ ਖੋਜੀ ਸੀ
ਖੋਜਦਾ ਖੋਜਦਾ ਇਹ ਮੋਇਆ"।

ਸਾਰੇ ਲੋਕੀਂ ਹੈਰਾਨ ਸਨ
ਪਾਗ਼ਲ ਕੋਲ ਕੀ ਜਾਦੂ ਹੈ?
ਲਾਸ਼ਾਂ ਵੀ ਨੇ ਗੱਲਾਂ ਕਰਦੀਆਂ।
ਡਰ ਮਾਰੇ ਉਥੋਂ ਦੌੜਨ ਲੱਗੇ
ਕਿਤੇ ਸਾਨੂੰ ਵੀ ਨਾ ਕੁਝ ਕਰ ਦੇਵੇ।

ਪਰ ਪਾਗ਼ਲ ਪਿਆ ਉਹਨਾਂ ਦੇ ਪਿੱਛੇ ਦੌੜ
ਠਹਿਰੋ, ਮੇਰੀ ਗੱਲ ਤੇ ਸੁਣੋ
ਮੈਂ ਵੀ ਹਾਂ ਰੱਬ ਦਾ ਬੰਦਾ
ਕਿਉਂ ਐਵੇਂ ਡਰਦੇ ਹੋ
ਕੂੜ ਆਪਣੇ ਸਾੜੋ
ਡਰਨ ਦੀ ਲੋੜ ਨਹੀਂ।

–

## ਅੱਖਰਾਂ ਦੀ ਮਹਿਮਾ

ਅੱਖਰਾਂ ਦੀ ਤਪਸ਼
ਅੱਖਰਾਂ ਦੀ ਠੰਡਕ
ਅੱਖਰਾਂ ਦਾ ਵਿਰਲਾਪ
ਅੱਖਰਾਂ ਦਾ ਵਿਦਰੋਹ
ਅੱਖਰਾਂ ਦਾ ਸੰਗੀਤ
ਅੱਖਰਾਂ ਦੀ ਵਿਥਿਆ
ਹਰ ਮਨੁੱਖ ਸਮਝ ਨਹੀਂ ਸਕਦਾ।

ਬੜਾ ਔਖਾ ਏ
ਅੱਖਰਾਂ ਤੇ ਅਹਿਸਾਸਾਂ ਦਾ ਇਕ ਸੁਰ ਹੋਣਾ
ਅੱਖਰਾਂ ਦਾ ਅੱਥਰੂ ਬਣ ਜਾਣਾ
ਅੱਖਰਾਂ ਦਾ ਸ਼ਮਸ਼ੀਰ ਬਣ ਜਾਣਾ
ਅੱਖਰਾਂ ਦਾ ਅੰਮ੍ਰਿਤ ਬੂੰਦਾਂ ਬਣ ਜਾਣਾ
ਅੱਖਰਾਂ ਦਾ ਤ੍ਰੇਲ ਤੁਪਕੇ ਬਣ ਜਾਣਾ
ਅੱਖਰਾਂ ਦਾ ਦਹਿਕਦਾ ਲੋਹਾ ਬਣ ਜਾਣਾ
ਅੱਖਰਾਂ ਦਾ ਜ਼ਹਿਰ ਦੇ ਤੁਪਕੇ ਬਣ ਜਾਣਾ।

ਅੱਖਰ ਜੇ ਨੱਚ ਉੱਠਣ ਅਹਿਸਾਸਾਂ ਨਾਲ
ਅੱਖਰ ਜੇ ਇਕ ਸੁਰ ਹੋਵਣ ਦਿਲ ਦੀ ਧੜਕਣ ਨਾਲ
ਅੱਖਰ ਜੇ ਕਰ ਜਾਵਣ ਵਫ਼ਾ
ਅੱਖਰਾਂ ਤੋਂ ਬਣ ਜਾਵੇ ਦਿਲਕਸ਼ ਕਵਿਤਾ।

–

## ਮੇਰੀ ਪਿਆਰੀ

ਸੱਜਨੀ ਜੇ ਮੈਂ ਪਹਿਲਾਂ ਤੁਰ ਗਿਆ
ਮੇਰੇ ਤੁਰ ਜਾਣ ਪਿੱਛੋਂ
ਲੋਕ ਵਿਖਾਵੇ ਕਰੇਂਗੀ
ਬੁੱਕ-ਬੁੱਕ ਅੱਥਰੂ ਵਹਾਏਂਗੀ
ਡਾਢੇ ਵੈਣ ਪਾਵੇਂਗੀ।

ਪਰ ਰੋਜ਼ ਤਾਹਨੇ ਮਾਰਦੀ ਏਂ
"ਕਿਹੀ ਕਲਹਿਣੀ ਘੜੀ ਸੀ
ਜਦੋਂ ਸਾਡਾ ਸੰਬੰਧ ਜੁੜਿਆ ਸੀ"
ਮੇਰੀ ਪਿਆਰੀ ਤੂੰ ਜੋ ਕਹਿਣਾ ਹੈ ਕਹਿ
ਤੂੰ ਭੁੱਲ ਗਈ ਏਂ ਸਭ ਕੌਲ ਕਰਾਰ।

ਯਾਦ ਕਰ ਉਹ ਸਮਾਂ
ਜਦੋਂ ਤੂੰ ਕਹਿੰਦੀ ਸੈਂ
"ਮੈਨੂੰ ਆਪਣੇ ਵਿਚ ਸਮਾ ਲਵੇ
ਮੈਂ ਤੁਹਾਡੇ ਬਿਨਾਂ ਅੱਲਗ ਰਹਿ ਨਹੀਂ ਸਕਦੀ
ਅਸੀਂ ਦੋ ਸਰੀਰ ਇਕ ਜਾਨ ਹਾਂ"

ਸੱਜਨੀ, ਮੈਂ ਤੈਨੂੰ ਦਿਲੋਂ ਪਿਆਰ ਕਰਦਾ ਹਾਂ
ਮੇਰੇ ਜੀਵਨ ਦੀ ਤੂੰ ਬਹਾਰ ਏਂ
ਪਰ ਜਿਊਣ ਲਈ ਨਿਰਾ ਪਿਆਰ ਨਹੀਂ ਕਾਫ਼ੀ
ਬਹੁਤ ਕੁਝ ਲੋੜੀਂਦਾ ਜੀਵਨ ਜਿਊਣ ਲਈ
ਜ਼ਿੰਦਗੀ ਦੇ ਪੈਂਡੇ 'ਤੇ ਨਹੀਂ ਮਿਲਦੇ ਸਦਾ ਖ਼ੁਸ਼ੀਆਂ ਖੇੜੇ

ਡਾਢੇ ਸੰਘਰਸ਼ਾਂ ਦਾ ਵੀ ਕਰਨਾ ਹੈ ਸਾਹਮਣਾ
ਲੁੱਟ ਖਸੁੱਟ ਨਹੀਂ ਜੀਵਨ ਦਾ ਉਦੇਸ਼
ਸੱਚੀ ਕਾਰ ਕਰ ਜੀਵਨ ਬਿਤਾਉਣਾ ਏ।

ਸੱਜਨੀ ਤੂੰ ਅਕਸਰ ਗਿਲਾ ਕਰੇਂ
ਲੋਕ ਸੇਵਾ ਵਿਚ ਕੀ ਪਿਆ ਏ
ਆਪਣੇ ਪਰਿਵਾਰ ਬਾਰੇ ਸੋਚੋ
ਪਰ ਮੈਂ ਤੇਰੇ ਵਾਂਗ ਸੋਚ ਨਹੀਂ ਸਕਦਾ
ਖ਼ੁਦਾ ਨੇ ਹਰ ਪ੍ਰਾਣੀ ਜ਼ਿੰਮੇ ਵੱਖਰੀ ਕਾਰ ਲਾਈ ਏ
ਮੈਂ ਨਹੀਂ ਬਣ ਸਕਦਾ ਤੇਰੀ ਸੋਚ ਦਾ ਗ਼ੁਲਾਮ
ਮੈਂ ਨਹੀਂ ਬਣ ਸਕਦਾ ਕਾਠ ਦਾ ਉੱਲੂ
ਤੇਰੀ ਨਿਗਾਹ ਨਾਲ ਦੁਨੀਆਂ ਵੇਖਾਂ
ਮੈਂ ਨਹੀਂ ਬਣ ਸਕਦਾ ਕੁੱਤੇ ਦੀ ਤਰ੍ਹਾਂ ਵਫ਼ਾਦਾਰ
ਤੇਰੀ ਹਰ ਪੁਚਕਾਰ ’ਤੇ ਪੂਛ ਹਿਲਾ ਦੇਵਾਂ।
ਮੈਂ ਰੋਕਾਂਗਾ ਤੇ ਟੋਕਾਂਗਾ ਵੀ
ਜਿਥੇ ਵੇਖਾਂ ਕੁਝ ਗ਼ਲਤ ਹੋ ਰਿਹਾ।

ਮੇਰਾ ਕਤੱਈ ਇਹ ਮਕਸਦ ਨਹੀਂ
ਕਿਸੇ ਨੂੰ ਨੀਵਾਂ ਵਿਖਾਵਾਂ
ਮੈਂ ਤਾਂ ਸਿਰਜਣਾ ਲੋਚਾਂ ਦਿਲਕਸ਼ ਮਾਹੌਲ
ਹਰ ਇਕ ਲਈ ਖ਼ੁਸ਼ੀਆਂ ਖੇੜੇ ਬਿਖੇਰਾਂ।
ਮੈਂ ਲੋਚਾਂ ਤੂੰ ਹਰ ਕਦਮ ’ਤੇ ਸਾਥ ਹੋਵੇਂ
ਅਸੀਂ ਹਮ-ਸਫ਼ਰ ਬਣ ਜਾਈਏ।
ਸਾਡੇ ਜੀਵਨ ’ਚ ਬਹਾਰ ਆ ਜਾਵੇ
ਜ਼ਿੰਦਗੀ ਨੂੰ ਰਲ ਮਿਲ ਮਾਣੀਏ।

ਮੈਂ ਨਹੀਂ ਚਾਹੁੰਦਾ ਕੋਈ ਬਣੇ
ਕਿਸੇ ਦੇ ਪੈਰਾਂ ਦੀ ਬੇੜੀ
ਦੂਸਰੇ ਦਾ ਜੀਵਨ ਅਜਾਬ ਬਣਾ ਦੇਵੇ

ਮੈਂ ਲੋਚਾਂ ਰੱਜ ਸੁੱਚੀ ਕਿਰਤ ਕਮਾਈਏ
ਕਿਰਤੀ ਜੀਵਨ ਜਿਊਂ ਜੀਵਨ ਮਾਣੀਏ
ਖ਼ੁਦਗ਼ਰਜ਼ੀ ਦੀ ਦਲਦਲ ਵਿਚੋਂ ਨਿਕਲ
ਧਰਤੀ ਮਾਂ ਦੀ ਕੁਝ ਸੇਵ ਕਮਾਈਏ।

–

## ਅਭਾਗੇ

ਕਿੰਨੇ ਅਭਾਗੇ ਲੋਕ ਹੁੰਦੇ ਨੇ
ਜੋ ਹੋਵਣ ਨਾ
ਕਿਸੇ ਦੀਆਂ ਖ਼ੁਸ਼ੀਆਂ ਦੇ ਪਾਤਰ
ਕਿਸੇ ਦੀਆਂ ਨਫ਼ਰਤਾਂ ਦੇ ਪਾਤਰ।
ਅਹਿਸਾਸਾਂ ਤੋਂ ਸੱਖਣੇ
ਜ਼ਿੰਦਗੀ ਤੋਂ ਬਹੁਤ ਦੂਰ ਹੁੰਦੇ ਨੇ ਲੋਕ।
ਜੀਵਨ ਜਿਊਣ ਦਾ ਕੀ ਮਜ਼ਾ
ਜੇ ਮੁਹੱਬਤਾਂ ਨਾ ਹੋਈਆਂ
ਜੇ ਨਫ਼ਰਤਾਂ ਨਾ ਹੋਈਆਂ
ਜੇ ਖ਼ੁਸ਼ੀਆਂ ਨਾ ਹੋਈਆਂ
ਜੇ ਗ਼ਮੀਆਂ ਨਾ ਹੋਈਆਂ
ਜੀਵਨ ਜਿਊਣ ਲਈ ਅਹਿਸਾਸ ਨੇ ਜ਼ਰੂਰੀ
ਅਹਿਸਾਸਾਂ ਬਿਨ ਜੀਵਨ ਬਣ ਜਾਵੇ ਮਜਬੂਰੀ
ਜ਼ਿੰਦਗੀ ਜਿਉਂਦੇ ਨਹੀਂ ਬੋਝ ਢੋਵਣ
ਅਹਿਸਾਸਾਂ ਤੋਂ ਸੱਖਣ
ਅਭਾਗੇ ਲੋਕ ਹੁੰਦੇ ਨੇ।

–

## ਬੱਚੇ ਤੇ ਧਰਮ

ਮੇਰਾ ਬਾਪ ਹਿੰਦੂ ਏ
ਮੇਰੇ 'ਤੇ ਹਿੰਦੂਤਵ ਦੀ ਮੋਹਰ ਲਗਾਵੇ
ਮੇਰੇ ਗਲੇ ਜਨੇਊ ਪਾਵੇ
ਮੈਨੂੰ ਗੀਤਾ ਦਾ ਪਾਠ ਪੜ੍ਹਾਵੇ।

ਮੇਰਾ ਬਾਪ ਸਿੱਖ ਏ
ਮੇਰੇ 'ਤੇ ਸਿੱਖੀ ਦੀ ਰੰਗਤ ਚੜ੍ਹਾਵੇ
ਪੰਜ ਕਕਾਰਾਂ ਦਾ ਉਪਦੇਸ਼ ਸੁਣਾਵੇ
ਮੈਨੂੰ ਜਪੁਜੀ ਸਾਹਿਬ ਪੜ੍ਹਾਵੇ।

ਮੇਰਾ ਬਾਪ ਈਸਾਈ ਏ
ਯਸੂ ਦੀ ਮਹਾਨਤਾ ਦਾ ਗੁਣਗਾਨ ਗਾਵੇ
ਮੇਰੇ ਗਲੀ ਸਲੀਬ ਲਟਕਾਵੇ
ਬਾਈਬਲ ਦਾ ਪਾਠ ਪੜ੍ਹਾਵੇ।

ਮੇਰਾ ਬਾਪ ਮੁਸਲਿਮ
ਮੈਨੂੰ ਜਹਾਦ ਦਾ ਪਾਠ ਪੜ੍ਹਾਵੇ
ਆਪਣੇ ਫ਼ਤਵੇ ਲਾਗੂ ਕਰੀ ਜਾਵੇ
ਮੈਨੂੰ ਕੁਰਾਨ ਪੜ੍ਹਾਵੇ।
ਮੈਂ ਮਾਸੂਮ, ਮਜ਼ਲੂਮ ਬੱਚਾ
ਤੁਹਾਡੀ ਰਹਿਨੁਮਾਹੀ 'ਤੇ ਨਿਰਭਰ
ਤੁਹਾਡੇ ਹੁਕਮਾਂ ਦਾ ਗ਼ੁਲਾਮ
ਜੋ ਕਰੋ ਜਾਵਾਂ ਸਵੀਕਾਰੀ
ਕੋਈ ਨਾ ਸੁਣੇ ਮੇਰੀ ਪੁਕਾਰ।

ਤੁਸੀਂ ਖ਼ੁਦ.ਗਰਜ਼ੀ ਦੇ ਪੁਤਲੇ
ਬਣਨ ਦਾ ਦੇਵੋ ਮੈਨੂੰ ਇਨਸਾਨ
ਕੀ ਪੁੱਠੇ ਕਾਰੇ ਕਰੋ ਤੁਸੀਂ ਪਰਮ ਇਨਸਾਨ
ਬਚਪਨ ਵਿਚ ਹੀ ਪਾਵੋ
ਧਰਮ ਦੀਆਂ ਵੰਡੀਆਂ

ਮੇਰੀ ਬੇਨਤੀ ਹੈ
ਮੈਨੂੰ ਪਿਆਰ ਦੁਲਾਰ ਨਾਲ ਪਾਲੋ
ਇਨਸਾਨੀਅਤ ਦਾ ਪਾਠ ਪੜ੍ਹਾਵੋ
ਮੇਰੀ ਬੁੱਧੀ ਕਰੋ ਵਿਕਸਤ
ਮੈਂ ਖ਼ੁਦ ਫ਼ੈਸਲਾ ਕਰਾਂਗਾ
ਮੈਂ ਕਿਹੜਾ ਧਰਮ ਅਪਣਾਉਣਾ।

–

## ਅਹਿਸਾਸ

ਤੇਰਾ ਨਰਮ, ਕੋਮਲ, ਗੁਦਗੁਦਾ ਸਰੀਰ
ਜਦੋਂ ਮੇਰੀ ਪਕੜ ਵਿਚ ਆਉਂਦਾ ਏ
ਅਨੋਖੀ ਪਿਆਰ ਗਲਵੱਕੜੀ ਦਾ
ਅਹਿਸਾਸ ਹੋ ਜਾਵੇ।

ਲੱਗਦਾ ਜਿਵੇਂ ਮਿਲ ਗਈ ਹੋਵੇ
ਪਿਆਰੀ ਮਹਿਬੂਬਾ
ਘੁਟ-ਘੁਟ ਗਲਵੱਕੜੀ ਜਦ ਪਾਵਾਂ
ਅਨੋਖਾ ਅਨੰਦ ਆ ਜਾਵੇ।

ਤੇਰੀ ਵੱਲੋਂ ਵੀ ਕੋਈ ਵਿਰੋਧ ਨਾ ਹੋਵੇ
ਮੇਰੇ ਸੀਨੇ ਲੱਗ ਠੰਡ ਪਾ ਜਾਵੇ।
ਅੱਖਾਂ ਬੰਦ ਕਰ ਤੇਰੀ ਗਲੱਵਕੜੀ 'ਚ
ਮਨ ਸ਼ਾਂਤ ਹੋ ਜਾਵੇ।

ਮੋਹ-ਭਿੱਜੇ ਪ੍ਰੇਮੀ ਵਾਂਗ
ਤੇਰੀ ਸੰਗਤ ਵਿਚ ਅਨੋਖਾ ਸਕੂਨ ਆਵੇ
ਤੇਰੀ ਨਰਮ ਗਰਮ ਸਪਰਸ਼ ਯਾਦ ਕਰਵਾਏ
ਮਹਿਬੂਬ ਨਾਲ ਬਿਤਾਏ ਹੁਸੀਨ ਪਲ

ਮੇਰੇ ਪਿਆਰੇ ਸਿਰਹਾਣੇ
ਤੇਰੀ ਛਾਤੀ 'ਤੇ ਸਿਰ ਰੱਖ

ਮੈਂ ਲੈਂਦਾ ਹਾਂ ਮਿੱਠੀ ਨੀਂਦ,
ਮਹਿਬੂਬ ਦੀ ਗੋਦ ਵਾਂਗ
ਮੈਂ ਅਹਿਸਾਨਮੰਦ ਹਾਂ ਸਿਰਹਾਣੇ
ਰੋਜ਼ਾਨਾ ਹੀ ਨਿਸੰਕੋਚ ਮੇਰੀ ਸੇਵਾ ਕਰੇਂ।

–

## ਬੱਚੇ

ਛੋਟੇ ਬੱਚਿਆਂ ਦਾ ਸੰਗ
ਜੀਵਨ ਨੂੰ ਦੇਵੇ ਨਵੀਂ ਤਰੰਗ
ਨਿਰਛਲ, ਮਾਸੂਮ ਅਦਾਵਾਂ ਵਾਲੇ ਬੱਚੇ
ਮਨਮੋਹਣੀਆਂ ਕੋਮਲ ਸੂਰਤਾਂ ਵਾਲੇ ਬੱਚੇ
ਦਿਲ ਨੂੰ ਝੱਟ ਭਰਮਾ ਲੈਂਦੇ ਨੇ ਬੱਚੇ।

ਬੱਚੇ ਜੀਵਨ ਦੀ ਫੁੱਲਵਾੜੀ ਦ ਫੁੱਲ
ਹੋਵਣ ਲੱਖ ਨਿਆਮਤਾਂ ਕੋਈ ਨਾ ਇਹਨਾਂ ਤੁੱਲ
ਨਟਖਟ ਕਰਨ ਸ਼ਰਾਰਤਾਂ, ਝਿੜਕਣ 'ਤੇ ਰੁੱਸ ਜਾਵਣ
ਦਿਲ ਵਿਚ ਨਾ ਰੱਖਣ ਨਫ਼ਰਤਾਂ, ਪੁਚਕਾਰਣ 'ਤੇ ਮੰਨ ਜਾਵਣ।

ਇਹਨਾਂ ਦੇ ਦਿਲ ਵਿਚ ਲੱਖ ਉਮੰਗਾਂ
ਸ਼ਰਮ, ਝਿਜਕ ਸਹਿਮ ਤੇ ਸੰਗਾਂ
ਨੰਨ੍ਹੇ ਬੱਚੇ ਭਵਿੱਖ ਦੇ ਵਾਰਸ
ਬੱਚੇ ਮਨ ਨੂੰ ਦੇਵਣ ਢਾਰਸ।

–

## ਅਰਜ਼ੋਈ

ਨਾ ਮਾਰੋ ਸਰ ਜੀ
ਹੱਥ ਜੋੜ ਕਰੀਏ ਅਰਜ਼ੋਈ।
ਨਾ ਕਰੋ ਗਿਲਾ ਸਰ ਜੀ
ਸਾਡੀ ਵਰਦੀ ਗੰਦੀ ਏ।
ਮਾਂ ਸਾਡੀ ਘਰ ਘਰ ਜਾ ਕੱਪੜੇ ਧੋਵੇ
ਸਾਡੇ ਲਈ ਨਾ ਸਮਾਂ ਥਿਆਵੇ।

ਨਾ ਕਰੋ ਗਿਲਾ ਸਰ ਜੀ
ਸਾਡੀ ਬੋਲੀ ਮੰਦੀ ਏ
ਪੱਛੜੀ ਬਸਤੀ ਦੇ ਅਸੀਂ ਵਾਸੀ
ਸਾਡੀ ਇਹੋ ਦੁਸ਼ਵਾਰੀ ਏ।

ਨਾ ਉਡਾਵੋ ਖਿੱਲੀ ਸਰ ਜੀ
ਊਟ ਪਟਾਂਗ ਜੇ ਫ਼ੈਸ਼ਨ ਕਰੀਏ
ਅਸੀਂ ਤਾਂ ਲੋਚੀਏ
ਕੱਪੜਿਆਂ 'ਚ ਮਜਬੂਰੀ ਢੱਕੀਏ।

ਨਾ ਮਾਰੋ ਸਰ ਜੀ
ਜੇ ਸਕੂਲ ਲੇਟ ਅਸੀਂ ਆਈਏ
ਕੀ ਕਰੀਏ ਰਾਤੀ ਦੇਰ ਤਕ
ਦੁਕਾਨਾਂ 'ਤੇ ਮੁਸ਼ੱਕਤ ਕਰੀਏ।

ਮਿਹਰ ਕਰੋ ਸਰ ਜੀ
ਅਸੀਂ ਮਸੂਬਤਾਂ, ਦੁਸ਼ਵਾਰੀਆਂ, ਕੁਪੋਸ਼ਣ ਦੇ ਮਾਰੇ
ਝਿੜਕ, ਝੱਬਣ, ਡੰਡੇ ਮਾਰਨ ਦੀ ਥਾਂ
ਸਕੂਲ ਦਾ ਕੰਮ ਸਕੂਲ 'ਚ ਮੁਕਾਇਆ ਕਰੋ।

ਪਿਆਰ ਦੁਲਾਰ ਦਾ ਹੱਥ ਸਾਡੇ ਸਿਰ ਧਰੋ
ਵਿਦਿਆ ਦਾ ਦਾਨ ਦੇ ਸਾਡੇ ਵੀ ਕਸ਼ਟ ਹਰੋ
ਨਾ ਮਾਰੋ ਸਰ ਜੀ
ਹੱਥ ਜੋੜ ਕਰੀਏ ਅਰਜ਼ੋਈ।

ਸਰ ਜੀ, ਲੋਕ ਕਹਿੰਦੇ ਨੇ
ਅਧਿਆਪਕ ਕੌਮ ਦੇ ਉਸਰੱਈਏ
ਮਿਹਰ ਕਰੋ ਸਰ ਜੀ
ਸਾਡਾ ਵੀ ਭਵਿੱਖ ਸੰਵਾਰੋ।

–